# ਪਿਘਲ਼ਦੀ ਨਦੀ

**ਇਸੇ ਕਲ਼ਮ ਤੋਂ-**

- 'ਚਿੰਤਨ ਦੀ ਕੁੱਖ'- 2010 (ਕਾਵਿ-ਸੰਗ੍ਰਹਿ)
- ਕੀਕਣ ਲਿਖਾਂ ਹਰਫ਼ ਨਵੇਂ- 2012 (ਕਾਵਿ-ਸੰਗ੍ਰਹਿ)
- ਜੋਤ ਗੁਰੂ ਸ਼ਬਦ ਰਹਿਨੁਮਾ- 2013 (ਕਾਵਿ-ਸੰਗ੍ਰਹਿ)
- ਕਾਗਜ਼ ਦੀਆਂ ਕਿਸ਼ਤੀਆਂ- 2013 (ਬਾਲ ਕਾਵਿ-ਸੰਗ੍ਰਹਿ)
- ਸਾਡੇ ਬਾਗੀਂ ਚੰਬਾ ਖਿੜਿਆ- 2017 (ਗੀਤ-ਸੰਗ੍ਰਹਿ)

ਅਨੁਵਾਦ:- ਬੱਚਿਆਂ ਲਈ ਸਦਾ-ਬਹਾਰ ਕਹਾਣੀਆਂ
(ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ)

# ਪਿਘਲ਼ਦੀ ਨਦੀ

ਅਮਰਜੀਤ ਕੌਰ 'ਹਿਰਦੇ'

ਸਪਤਰਿਸ਼ੀ ਪਬਲੀਕੇਸ਼ਨਜ਼
ਚੰਡੀਗੜ੍ਹ

# Pighaldi Nadi

(Poetry)

by

**Amarjit Kaur Hirdey**

hirdey2009@gmail.com,

Mob: 9988868847,

Whatsapp:- 94649-58236

**ISBN**

**978-93-89548-86-0**

**Edition 2020**

Published by

**Sapatrishi Publications**

Plot No. 24/9, Industrial Area, Phase-2,

Near Tribune Chowk, Chandigarh.

**Website : sapatrishipublication.com**

E-mail-: sapatrishi94@gmail.com

0172-5002591, 94638-36591

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher.*

ਸਮਰਪਣ

**ਮੇਰੇ ਜਨਮ-ਦਾਤਾ**
**ਮੇਰੇ ਸੰਤ-ਸਰੂਪ ਪਿਤਾ**
**ਸਰਦਾਰ ਸੋਹਣ ਸਿੰਘ ਜੀ ਦੀ**
**ਨਿੱਘੀ ਯਾਦ ਨੂੰ**

## ਅਮਰਜੀਤ ਕੌਰ 'ਹਿਰਦੇ' ਖ਼ੁਦ 'ਪਿਘਲ਼ਦੀ ਨਦੀ' ਹੈ

ਔਰਤ ਦਾ ਸਰੂਪ ਸਮੂਲਚੀ ਨਦੀ ਵਰਗਾ ਹੁੰਦਾ ਹੈ। ਇਹ ਤ੍ਰਿਪਤੀ ਨਦੀ ਦਾ ਨਾਮ ਹੈ। ਨਦੀ ਖ਼ੁਦ ਅਤ੍ਰਿਪਤ ਹੁੰਦੀ ਹੈ। ਉਸਦਾ ਧਰਮ ਆਪਣੇ ਮੂਲ-ਭੂਤ ਪ੍ਰੀਤਮ ਆਪਣੀ ਹੋਂਦ ਦੇ ਸਰੋਤ ਪਿਤਾ ਸਰੂਪ ਸਮੁੰਦਰ ਵਿਚ ਜਾ ਕੇ ਸਮਾਉਣਾ ਹੁੰਦਾ ਹੈ। ਜਿੱਥੋਂ ਉਸਦਾ ਖ਼ਮੀਰ ਉਪਜਿਆ ਸੀ। ਨਦੀ ਪਰਬਤਾਂ ਦੀ ਨੀਲਮ ਬਣੀ ਬਰਫ਼ ਵਿੱਚੋਂ ਪੰਘਰ ਕੇ ਜਨਮ ਲੈਂਦੀ ਹੈ। ਪਰ ਬੜੀ ਵੇਰ ਉਹ ਨਦੀ ਫੇਰ ਤੋਂ ਯੱਖ ਹੋ ਜਾਂਦੀ ਹੈ। ਉਸਦਾ ਸਫ਼ਰ ਰੁਕ ਜਾਂਦਾ ਹੈ। ਰੁਕੀ ਤੇ ਜੰਮੀ ਨਦੀ ਦੀ ਅੰਤਰ-ਆਤਮਾ ਵਿਚ ਆਪਣੇ ਸ਼ਹੁ-ਸਾਗਰ ਨੂੰ ਮਿਲਣ ਦੀ ਤਾਂਘ ਤਪਾਅ ਵਿਚ ਰਹਿੰਦੀ ਹੈ। ਇਹੀ ਮਿਲਣ ਦੀ ਤਾਂਘ ਦਾ ਸੇਕ ਨਦੀ ਨੂੰ ਪਿਘਲਾ ਦਿੰਦਾ ਹੈ ਤੇ ਉਹ ਕਿਸੇ ਨਟਖਟ ਕੁੜੀ ਵਾਂਗ ਪਹਾੜੋਂ ਉੱਤਰਦੀ ਹੈ। ਮੈਦਾਨ ਵਿਚ ਸਹਿਜ ਹੁੰਦੀ ਹੈ। ਬਨਸਪਤੀ ਅਤੇ ਲੱਖਾਂ ਜੀਵ-ਜੰਤੂਆਂ ਦੀ ਤ੍ਰਿਸ਼ਨਾ ਬੁਝਾਉਂਦੀ ਸ਼ਾਂਤ ਸੁਭਾਅ ਲੰਮਿਆਂ ਪੈਂਡਿਆਂ ਵਿਚ ਸੁਆਦ-ਸੁਆਦ ਹੋ ਤੁਰੀ ਜਾਂਦੀ ਹੈ। ਉਸਨੂੰ ਕਿਧਰੇ ਬੰਨ੍ਹ ਮਾਰ ਕੇ ਡੈਮ ਬਣਦੇ ਹਨ। ਨਹਿਰਾਂ ਵਿਚ ਪ੍ਰਵਰਤਿਤ ਕਰਕੇ ਆਡਾਂ-ਖਾਲ਼ਾਂ ਦੀ ਜੂਨੇ ਪਾ ਦਿੱਤਾ ਜਾਂਦਾ ਹੈ। ਉਹ ਸਭ ਦੀ ਤ੍ਰਿਪਤੀ ਕਰਾਉਂਦਿਆਂ ਆਪ ਅਤ੍ਰਿਪਤ ਰਹਿੰਦੀ ਹੈ। ਉਹ ਫੇਰ ਤੋਂ ਬੱਦਲਾਂ ਹਵਾਵਾਂ ਉੱਤੇ ਅਸਵਾਰ ਹੋ ਕੇ ਨਦੀ ਵਿਚ ਜਾ ਮਿਲਦੀ ਹੈ ਤਾਂ ਕਿ ਆਪਣੇ ਪ੍ਰੀਤਮ ਨੂੰ ਜਾ ਮਿਲੇ। ਬੜੀ ਵੇਰ ਪੂਰੀ ਦੀ ਪੂਰੀ ਨਦੀ ਨੂੰ ਜੁਗੋ-ਜੁਗ ਪਿਆਸਾ ਕੋਈ ਥਲ਼ ਡੀਕ ਜਾਂਦਾ ਹੈ। ਨਦੀ ਦਾ ਨਾਮੋ-ਨਿਸ਼ਾਨ ਮਿਟ ਜਾਂਦਾ ਹੈ। ਪਰ ਨਦੀ ਰੁਕਦੀ ਨਹੀਂ।ਧਰਤੀ ਦੇ ਹੇਠ ਆਪਣਾ ਸਫ਼ਰ ਜਾਰੀ ਕਰ ਲੈਂਦੀ ਹੈ।ਔਰਤ ਦਾ ਜੀਵਨ ਸਫ਼ਰ 'ਲੰਮੀ-ਲੰਮੀ ਨਦੀ ਵਹੈ' ਵਰਗਾ ਹੈ। ਇਸੇ ਲਈ ਭਾਰਤੀ ਔਰਤ ਦਾ ਸੁਭਾਅ ਵੀ ਨਦੀਆਂ ਵਰਗਾ ਹੈ।ਭਾਰਤ ਦੀਆਂ ਪ੍ਰਮੁੱਖ ਨਦੀਆਂ ਦੇ ਨਾਮ ਵੀ ਭਾਰਤੀ ਨਾਰੀਆਂ ਵਰਗੇ ਹਨ। ਮੰਦਾਕਿਨੀ, ਗੰਗਾ, ਜਮੁਨਾ, ਤਾਪਤੀ, ਨਰਬਦਾ ਤੇ ਰਾਵੀ ਵਾਂਗ। ਤਾਂ ਹੀ ਭਾਰਤ ਦੀਆਂ ਨਾਰੀਆਂ ਦੇ ਨਾਮ ਨਦੀਆਂ ਵਰਗੇ ਹੋ ਗਏ। ਇਨ੍ਹਾਂ ਨਦੀਆਂ ਪ੍ਰਤੀ ਭਾਰਤੀ ਮਨੁੱਖਾ ਵਿਹਾਰ ਵੀ ਨਾਰੀ ਦੀ ਪ੍ਰਥਾਇ ਹੀ ਹੈ। ਮਨੁੱਖ ਹਰ ਨਦੀ ਨੂੰ ਬੇ-ਕਿਰਕੀ ਨਾਲ ਪੇਸ਼ ਆਉਂਦਾ ਹੈ। ਗੰਗਾ ਨੂੰ ਆਪ ਹੀ ਮੈਲ਼ੀ ਕਰਦਾ ਹੈ। ਉਸਦੀ ਪਵਿੱਤਰਤਾ ਭੰਗ ਕਰਦਾ ਹੈ ਤੇ ਫੇਰ ਆਪ ਹੀ ਗੰਗਾ ਉੱਤੇ ਅਪਵਿੱਤਰ ਹੋਣ ਦਾ ਦੋਸ਼ ਲਗਾਉਂਦਾ ਹੈ। ਗੰਗਾ ਭਾਂਵੇਂ ਕਿੰਨੀ ਮੈਲ਼ੀ ਕਿਉਂ ਨਾ ਹੋ ਜਾਵੇ ਭਾਰਤੀ ਬੰਦਾ ਓਸੇ ਵਿਚ ਚੁੱਭੀਆਂ ਲਾਉਣ ਦਾ ਧਰਮ-ਹੱਕ ਸਮਝਦਾ ਹੈ।

ਭਾਰਤੀ ਸੰਸਕ੍ਰਿਤੀ ਵਿਚ ਨਾਰੀ ਹਮੇਸ਼ਾਂ ਦੁਜੈਲੀ ਅਵਸਥਾ ਵਿਚ ਰਹੀ ਹੈ। ਨਾਰੀ ਬਿਨਾਂ ਸਮਾਜ ਚੱਲਦਾ ਵੀ ਨਹੀਂ। ਪਰ ਸਮਾਜ ਵਿਚ ਇਸ ਦੀ ਹਾਲਤ ਸਦਾ ਹੀ ਬੰਧੂਆ ਮਜ਼ਦੂਰਾਂ ਵਰਗੀ ਜਾਂ ਗ਼ੁਲਾਮਾਂ ਵਰਗੀ ਰਹੀ ਹੈ। ਸੂਰ ਦਾਸ, ਹੋਵੇ ਜਾਂ ਵਾਰਸ ਸ਼ਾਹ ਸਭ ਨੇ ਨਾਰੀ ਦੀ ਭੰਡੀ ਕੀਤੀ। ਕਿਸੇ ਨੇ ਇਸ ਨੂੰ ਸਰਪਣੀ ਤੇ ਕਿਸੇ ਨੇ ਬਘਿਆੜੀ ਕਿਹਾ। ਗੁਰੂ ਨਾਨਕ ਦੇਵ ਜੀ ਨੇ ਨਾਰੀ ਦੇ ਹੱਕ ਵਿਚ ਆਵਾਜ਼ ਉਠਾਈ॥ ਸੋ ਕਿਉਂ ਮੰਦਾ ਆਖੀਐ ਜਿਤ ਜੰਮੈ ਰਾਜਾਨ॥ ਪਰ ਅਸੀਂ ਇਸ ਆਵਾਜ਼ ਨੂੰ ਵੀ ਮੱਥੇ ਹੀ ਟੇਕਦੇ ਹਾਂ ਪਰ ਨਾਰੀ ਭਰੂਣ-ਹੱਤਿਆ ਵਿਚ ਵੀ ਅਸੀਂ ਬਾਬੇ ਨਾਨਕ ਦੇ ਪੈਰੋਕਾਰ ਸੰਸਾਰ ਭਰ 'ਚੋਂ ਸਭ ਤੋਂ ਅੱਗੇ ਅਗੇਰੇ ਹਾਂ।

ਨਾਰੀ ਦੇ ਹੱਕਾਂ ਦੀ ਵਕਾਲਤ ਬਥੇਰੇ ਕਵੀ ਕਰਨ ਲੱਗੇ ਹਨ ਪਰ ਇਹ ਓਪਰੀ ਜਿਹੀ ਨਜ਼ਰੇ ਹੀ ਹੈ। ਨਾਰੀ ਦੀ ਤਰਾਸਦੀ ਨੂੰ ਨਾਰੀ ਹੀ ਜਾਣਦੀ ਹੈ ਸੋ ਨਾਰੀ ਆਪਣੇ ਦੁਆਲੇ ਬੱਝੇ ਸਮਾਜਿਕ ਸੰਗਲਾਂ ਦੀਆਂ ਘੁੰਡੀਆਂ ਅਤੇ ਪੀੜਾਂ ਬਾਰੇ ਆਪ ਹੀ ਦੱਸ ਸਕਦੀ ਹੈ। ਨਾਰੀ ਜਦ ਤੱਕ ਚੁੱਪ ਰਹੀ ਉਸ ਉੱਤੇ ਚੌਤਰਫਿਓਂ ਵਾਰ ਹੁੰਦੇ ਰਹੇ। ਕਿਉਂਕਿ ਗੁਆਹ ਕੋਈ ਵੀ ਨਹੀਂ ਸੀ। ਅੱਜ ਆਪਣੇ ਉੱਤੇ ਹੋਏ ਅੱਤਿਆਚਾਰਾਂ ਦੀ ਚਸ਼ਮਦੀਦ ਗੁਆਹ ਖ਼ੁਦ ਨਾਰੀ ਹੈ। ਜ਼ਿੰਦਗੀ ਦੇ ਸਭ ਅਹਿਮ ਖੇਤਰਾਂ ਵਿਚ ਔਰਤ ਨੇ ਆਪਣੇ ਲਈ ਖ਼ੁਦ ਨੂੰ ਐਡਵੋਕੇਟ ਨਿਰਧਾਰਿਤ ਕੀਤਾ। ਪਰ ਸਭ ਤੋਂ ਅਹਿਮ ਖੇਤਰ ਸਾਹਿਤਕ ਸੀ। ਜਿਸ ਵਿੱਚੋਂ ਨਾਰੀ ਕਈ ਜੁੱਗਾਂ ਤੋਂ ਗ਼ੈਰ-ਹਾਜ਼ਿਰ ਰਹੀ। ਇਹ ਖੇਤਰ ਜਿੱਥੇ ਜ਼ਜ਼ਬੇ ਦੀ ਜ਼ਰਖ਼ੇਜ਼ ਰੋਹੀ ਦਾ ਸਰੂਪ ਸੀ ਓਥੇ ਸੰਵੇਦਨਾ ਦਾ ਪੁੰਗਰ ਰਿਹਾ ਬੀਜ਼ ਵੀ ਸੀ। ਬਸ ਇਸ ਬੀਜ਼ ਨੂੰ ਯੋਗ ਹਾਲਤਾਂ ਦੀ ਲੋੜ ਸੀ। ਇਸਨੇ ਰੁੱਖ ਬਣਨ ਵੱਲ ਵਧ ਜਾਣਾ ਸੀ। ਪਰ ਬੰਦੇ ਨੇ ਔਰਤ ਨੂੰ ਕਦੇ ਦੁਰਗਾ ਕਿਹਾ ਕਦੇ ਚੰਡੀ ਅਤੇ ਕਦੇ ਚੰਨ ਦੀ ਕਾਤਰ। ਪਰ ਔਰਤ ਨੂੰ ਬੰਦੇ ਨੇ ਕਦੇ ਆਪਣੇ ਬਰਾਬਰ ਤੇ ਆਪਣੇ ਵਰਗੀ ਮਿੱਟੀ ਦੀ ਬਣੀਂ ਨਾ ਕਿਹਾ।

ਪੰਜਾਬੀ ਸਾਹਿਤ ਦੀਆਂ ਸਾਰੀਆਂ ਹੀ ਵਿਧਾਵਾਂ ਵਿਚ ਨਾਰੀ ਨੇ ਆਪਣੀ ਹਾਜ਼ਰੀ ਪੱਕੀ ਕੀਤੀ ਹੈ। ਪੰਜਾਬੀ ਗ਼ਜ਼ਲ ਵਿਚ ਵੀ ਨਾਰੀ ਨੇ ਪ੍ਰਵੇਸ਼ ਪਾਇਆ ਹੈ। ਅੱਜ ਸੌ ਤੋਂ ਵਧੇਰੇ ਨਾਰੀ ਗ਼ਜ਼ਲਕਾਰਾ ਸੰਵੇਦਨਾ ਭਰਪੂਰ ਸ਼ਿਅਰ ਕਹਿ ਰਹੀਆਂ ਹਨ। ਪੰਜਾਬੀ ਗ਼ਜ਼ਲ ਵਿਚ ਸ਼ਿਅਰ-ਕਾਰੀ ਨੇ ਨਵੇਂ ਅੰਬਰ ਛੂਹੇ ਹਨ। ਨਵੇਂ ਅੱਯਾਮ ਤੈਅ ਕੀਤੇ ਹਨ। ਅੱਜ ਪੰਜਾਬੀ ਗ਼ਜ਼ਲ ਸੰਸਾਰ ਦੀਆਂ ਕੁਝ ਚੋਣਵੀਆਂ ਕਾਵਿ-ਵਿਧਾਵਾਂ ਵਿਚ ਸਰੇ-ਫਰਿਸਤ ਹੈ। ਜਿਨ੍ਹਾਂ ਵਿਚ ਲੋਕ-ਰੁਚੀ ਦੀ ਆਪ ਮੁਹਾਰਤ ਹੈ। ਪਰ ਪੰਜਾਬੀ ਗ਼ਜ਼ਲ ਵਿਚ ਨਾਰੀਆਂ ਦੀ ਸਥਿਤੀ ਅਜੇ ਵੀ ਸਲਾਹੁਣ ਯੋਗ ਸਥਿਤੀ ਵਿਚ ਨਹੀਂ ਹੈ। ਕੁਝ ਦਲੇਰ ਨਾਰੀਆਂ ਨੇ ਆਪਣੀ ਸੰਵੇਦਨਾ ਪੰਜਾਬੀ ਦੇ ਮੌਲਿਕ ਸ਼ਿਅਰਾਂ ਵਿਚ ਉਂਡੇਲੀ ਹੈ। ਪਰ ਇਨ੍ਹਾਂ ਨਾਰੀਆਂ

ਦੀ ਗ਼ਜ਼ਲ ਨੂੰ ਅਜੇ ਪੰਜਾਬੀ ਗ਼ਜ਼ਲ ਦੇ ਮੇਚ ਹੁੰਦਿਆਂ ਦੇਰ ਲੱਗੇਗੀ। ਇਸਦੇ ਕਈ ਕਾਰਨ ਹਨ। ਪੰਜਾਬੀ ਗ਼ਜ਼ਲ ਇਕ ਤਕਨੀਕ ਦੀ ਸੁੰਦਰਤਾ ਦੀ ਮੁਹਤਾਜ਼ ਹੈ। ਦਿਲੀ ਸੰਵੇਦਨਾ ਨੂੰ ਬਹੁਤ ਨਾਰੀਆਂ ਨੇ ਖੁੱਲ੍ਹੀ ਕਵਿਤਾ ਵਿਚ ਪੇਸ਼ ਕਰਕੇ ਕਾਰਜ ਤਾਂ ਕੀਤਾ ਪਰ ਖੁੱਲ੍ਹੀ ਕਵਿਤਾ ਨੂੰ ਪੰਜਾਬੀ ਦੇ ਆਮ ਪਾਠਕ ਨੇ ਕਦੋਂ ਦੀ 'ਜੈ ਹਿੰਦ' ਕਹਿ ਛੱਡੀ ਹੈ। ਗ਼ਜ਼ਲ ਤਕਨੀਕ ਦਾ ਚੌਤਰਫ਼ਾ ਗਿਆਨ ਹਾਸਿਲ ਕਰਨ ਲਈ ਨਾਰੀਆਂ ਨੂੰ ਘਰ ਅਤੇ ਪ੍ਰੰਪਰਿਕ ਸੋਚ ਦੀ ਚਾਰ-ਦਿਵਾਰੀ ਹੁਣ ਵੀ ਆੜੇ ਆਉਂਦੀ ਹੈ। ਬਹੁਤ ਸਾਰੇ ਮੈਗ਼ਜ਼ੀਨ ਜਾਂ ਰੋਜ਼ਾਨਾ ਅਖ਼ਬਾਰਾਂ ਦੇ ਮੈਗ਼ਜ਼ੀਨ ਅੰਕ ਕੁੜੀਆਂ ਦੀਆਂ ਗ਼ਜ਼ਲਾਂ ਛਾਪ ਕੇ ਖ਼ੁਸ਼ ਹੁੰਦੇ ਹਨ। ਪੰਜਾਬ ਵਿਚ ਅਜੇ ਵੀ ਕਿਸੇ ਛਪੀ ਰਚਨਾ ਨੂੰ ਸਫ਼ਲ ਸਮਝ ਲਿਆ ਜਾਂਦਾ ਹੈ। ਏਸੇ ਲਈ ਪੰਜਾਬੀ ਗ਼ਜ਼ਲਕਾਰ ਨਾਰਾਂ ਗ਼ਜ਼ਲ ਦੇ ਰੂਪ ਵਿਧਾਨ ਪ੍ਰਤੀ ਅਚੇਤ ਹੀ ਪਿੱਛੇ ਰਹਿ ਜਾਂਦੀਆਂ ਹਨ।

ਪਰ ਤਸੱਲੀ ਦੀ ਗੱਲ ਇਹ ਹੈ ਕਿ ਪੰਜਾਬੀ ਗ਼ਜ਼ਲ ਵੱਲ ਕੁੱਝ ਐਸੀਆਂ ਸੁਲੱਖਣੀਆਂ ਨਾਰੀ ਕ਼ਲਮਾਂ ਗੰਭੀਰਤਾ ਨਾਲ ਸਰਗਰਮ ਹੋਈਆਂ ਹਨ ਜਿੰਨ੍ਹਾਂ ਕੋਲ ਪੰਜਾਬੀ ਗ਼ਜ਼ਲ ਦੀ ਲੋੜੀਂਦੀ ਤਕਨੀਕ ਦਾ ਵਾਜਿਬ ਪਰ ਭਰਪੂਰ ਗਿਆਨ ਹੈ। ਅਮਰਜੀਤ ਕੌਰ 'ਹਿਰਦੇ' ਨੇ ਵੀ ਪਿਛਲੇ ਸਮੇਂ ਤੋਂ ਪੰਜਾਬੀ ਗ਼ਜ਼ਲ ਵਿਚ ਇਕ ਸ਼ਿਅਰੀ ਸ਼ਕਤੀ ਵਜੋਂ ਪ੍ਰਵੇਸ਼ ਕਰ ਕੇ ਨਵੀਂ ਸੰਵੇਦਨਾ ਅਤੇ ਨਾਰੀ ਚੇਤਨਾ-ਚਿੰਤਨ ਨੂੰ ਸ਼ਿਅਰਾਂ ਦੀ ਜੀਨਤ ਬਣਾਇਆ ਹੈ।

ਅਮਰਜੀਤ ਕੌਰ 'ਹਿਰਦੇ' ਦਾ ਪੰਜਾਬੀ ਸਾਹਿਤ ਵਿਚ ਨਾਮ ਕਵਿਤਾ ਦੀ ਮਹਿਕ ਵਾਲਾ ਹੈ। ਇਸ ਸਾਹਿਤਕ ਸੁਹਿਰਦਤਾ ਭਰਪੂਰ ਸਖਸ਼ੀਅਤ ਨੇ ਹੁਣ ਤੱਕ ਚਾਰ ਕਾਵਿ ਅਤੇ ਇਕ ਗੀਤ ਪੁਸਤਕਾਂ ਪਾਠਕਾਂ ਨੂੰ ਸੌਂਪ ਕੇ ਆਪਣੀ ਹਾਜ਼ਰੀ ਪੱਕੀ ਕੀਤੀ ਹੈ। ਅੱਜ ਤੋਂ 11 ਸਾਲ ਪਹਿਲਾਂ ਉਸਦਾ ਪ੍ਰਥਮ ਕਾਵਿ-ਸੰਗ੍ਰਹਿ 'ਚਿੰਤਨ ਦੀ ਕੁੱਖ' ਨੇ ਪੰਜਾਬੀ ਕਾਵਿਕ ਹਲਕਿਆਂ ਦਾ ਧਿਆਨ ਆਪਣੀ ਵੱਲ ਖਿੱਚਿਆ ਸੀ। ਉਪਰੰਤ ਉਸ ਨੇ 'ਜੋਤ ਗੁਰੂ ਸ਼ਬਦ ਰਹਿਨੁਮਾ' ਧਰਮ ਨੈਤਿਕਤਾ ਅਤੇ ਅਧਿਆਤਮਿਕਤਾ ਭਰਪੂਰ ਪੁਸਤਕ ਪ੍ਰਕਾਸ਼ਿਤ ਕਰਵਾਈ। ਬਾਅਦ ਵਿਚ ਉਸਦੀਆਂ ਦੋ ਹੋਰ ਕਾਵਿ ਪੁਸਤਕਾਂ ਪ੍ਰਕਾਸ਼ਿਤ ਹੋਈਆਂ। ਉਹ ਸਨ 'ਕੀਕਣ ਲਿਖਾਂ ਹਰਫ਼ ਨਵੇਂ" ਅਤੇ ਬਾਲਾਂ ਵਾਸਤੇ ਨੈਤਿਕ ਕਵਿਤਾਵਾਂ 'ਕਾਗ਼ਜ਼ ਦੀਆਂ ਕਿਸ਼ਤੀਆਂ'। ਪਿਛਲੇ ਚਾਰ ਸਾਲ ਉਸਨੇ ਪੰਜਾਬੀ ਗ਼ਜ਼ਲ ਵੱਲ ਉਚੇਚਾ ਧਿਆਨ ਦਿੱਤਾ। ਉਸਨੇ ਗ਼ਜ਼ਲ ਤਕਨੀਕ ਸਬੰਧੀ ਗ੍ਰੰਥਾਂ ਦਾ ਅਧਿਐਨ ਕੀਤਾ। ਮੇਰੇ 'ਸੰਪੂਰਨ ਪਿੰਗਲ ਤੇ ਅਰੂਜ' ਅਤੇ 'ਪਿੰਗਲ ਅਤੇ ਅਰੂਜ ਸੰਦਰਭ ਕੋਸ਼ (ਪੰਜਾਬੀ ਯੂਨੀਵਰਸਿਟੀ ਸਫ਼ੇ 850) ਦਾ ਉਸ ਨੇ ਗੰਭੀਰਤਾ ਨਾਲ ਅਧਿਐਨ ਕੀਤਾ। ਜਿੱਥੇ ਕਿਤੇ ਵੀ ਇਸ ਗਿਆਨ ਵਿਚ ਅੜਚਣ ਆਈ ਉਹ ਬਿਨਾਂ ਕਿਸੇ ਹਿਚਕਿਚਾਹਟ ਦੇ ਗ਼ਜ਼ਲ ਦੇ ਸਮਰੱਥ ਉਸਤਾਦਾਂ ਨਾਲ ਸਲਾਹ

ਮਸ਼ਵਰਾ ਵੀ ਕਰਦੀ ਰਹੀ। ਅੱਜ ਉਹ ਗ਼ਜ਼ਲ ਦੇ ਸ਼ਾਨਦਾਰ ਮੁਕਾਮ ਉੱਤੇ ਹੈ। ਇਸ ਦੁਰਾਨ ਉਸਦੀ ਗੀਤ ਉੱਤੇ ਵੀ ਮੁਹਾਰਤ ਬਣ ਆਈ ਤੇ ਉਸਦੇ ਪੁਰਾਣੇ ਗੀਤਾਂ ਦਾ ਇਕ ਸੰਗ੍ਰਹਿ ਛਪ ਕੇ ਪਾਠਕਾਂ ਦੀ ਕਚਿਹਰੀ ਵਿਚ ਆਇਆ। ਜਿਸਨੇ ਉਸਦੀ ਸੋਚ ਦੀ ਸੱਭਿਆਚਾਰਕ ਪਹਿਚਾਣ ਪੱਕੀ ਕੀਤੀ। 'ਹਿਰਦੇ' ਦਾ ਹਿਰਦਾ ਸੰਵੇਦਨਾਵਾਂ ਨਾਲ ਭਰਪੂਰ ਹੈ। ਇਸ 'ਪਿਘਲਦੀ ਨਦੀ' ਕੋਲ ਜ਼ਿੰਦਗੀ ਦੇ ਊਬੜ-ਖਾਬੜ ਰਾਹਾਂ ਦਾ ਅਵਚੇਤਨ ਵੀ ਭਰਪੂਰ ਮਾਤਰਾ ਵਿਚ ਹੈ। ਉਸਨੂੰ ਜ਼ਿੰਦਗੀ ਦੀਆਂ ਤਲਖ਼ੀਆਂ ਅਤੇ ਹਕੀਕਤਾਂ ਨੂੰ ਸ਼ਿਅਰਾਂ ਵਿਚ ਢਾਲਣਾ ਆ ਗਿਆ ਹੈ। ਉਸਦੀਆਂ ਗ਼ਜ਼ਲਾਂ ਸੁਹਜ ਅਤੇ ਸਹਿਜ ਦੀ ਮੂਰਤ ਹਨ। ਉਹਨਾਂ ਵਿਚ ਮੈਦਾਨੀਂ ਵਗ਼ਦੇ ਪਾਣੀ ਵਰਗੀ ਸਹਿਜ ਰਵਾਨੀ ਹੈ। ਮੁਹੱਬਤ ਹੈ, ਮੁਹੱਬਤ ਦੀ ਕਾਮਨਾ ਹੈ। ਜ਼ਫ਼ਾਵਾਂ ਪ੍ਰਤੀ ਨਿਹੋਰੇ ਹਨ, ਗ਼ਿਲੇ-ਸ਼ਿਕਵੇ ਹਨ। ਸੱਜਣ ਨਾਲ ਨੇੜਤਾ ਦਾ ਅਹਿਸਾਸ ਵੀ ਹੈ ਅਤੇ ਨੇੜਤਾ ਵਿਚਲੀ ਦੂਰੀ ਦਾ ਦਰਦ ਵੀ ਹੈ। ਵਾਅਦਿਆਂ, ਕੌਲਾਂ, ਕਸਮਾਂ ਅਤੇ ਤਾਂਘਾਂ ਦਾ ਨਰੋਆ ਜ਼ਜ਼ਬਾ ਵੀ ਹੈ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਵੀ ਹੈ। ਇਸ ਨਦੀ ਨੂੰ ਐਨ ਯਾਦ ਹੈ ਕਿ ਕਿਹੜੇ ਸ਼ਹਿਰ 'ਚੋਂ ਉਹਨੂੰ ਕਿੰਨੀ ਮੈਲ਼ੀ ਕਰਨ ਦੇ ਯਤਨ ਹੋਏ ਸਨ। ਉਸਦੀ ਪਵਿੱਤਰਤਾ ਵਗ਼ਦੇ ਰਹਿਣ ਵਿਚ ਹੈ/ਸੀ। ਉਸਨੇ ਆਪਣੇ ਸ਼ਿਅਰ ਆਪਣੇ ਦਿਲ ਦੇ ਹੁਜਰੇ ਦੀ ਮਿੱਟੀ ਨਾਲ ਡੌਲ਼ੇ ਹਨ। ਉਸਦੇ ਬਿੰਬ, ਅਲੰਕਾਰ, ਪ੍ਰਤੀਕ ਅਤੇ ਮੁਹਾਵਰਾ-ਬੰਦੀ ਸ਼ਿਅਰਾਂ ਦੀ ਸੰਚਾਰਨ ਆਭਾ ਵਧਾਉਂਦੇ ਹਨ। ਉਸਦੀ ਮਾਨਸਿਕ ਸਥਿਤੀ ਹੁਣ ਦਾਰਸ਼ਨਿਕਤਾ ਦੀ ਕਾਇਲ ਹੈ। ਫ਼ਲਸਫ਼ੇ ਦਾ ਰੰਗ ਉਸਦੇ ਸ਼ਿਅਰਾਂ ਵਿੱਚੋਂ ਫ਼ੁੱਲ ਦੀ ਮਹਿਕ ਵਾਂਗ ਸਵੈ-ਸਿੱਧ ਫੈਲਦਾ ਹੈ।

ਇਸ ਛੇਵੀਂ ਸਾਹਿਤਕ ਪੁਸਤਕ ਦੀ ਉਸਦੀ ਸ਼ਾਇਰੀ ਜ਼ਿੰਦਗੀ ਦੇ ਵਡੇਰੇ ਅਰਥਾਂ ਦੀ ਤਲਾਸ਼ ਕਰਦੀ ਹੈ। ਉਹ ਮਿਹਣੇ ਤਾਂ ਨਹੀਂ ਦਿੰਦੀ ਪਰ, ਅਜੇ ਰੋਸ ਜ਼ਰੂਰ ਕਰਦੀ ਹੈ। ਉਸ ਪ੍ਰਤੀ ਜੋ ਉਸਦਾ ਦਿਲ ਹੋ ਕੇ ਵੀ ਦਰਦ ਨਹੀਂ ਮਹਿਸੂਸ ਕਰਦਾ। ਉਹ ਵੱਡੇ-ਵੱਡੇ ਫ਼ਲਸਫ਼ਿਆਂ ਨੂੰ ਰੋਜ-ਮੱਰਾ ਦੇ ਨਿੱਕੇ-ਨਿੱਕੇ ਵਰਤਾਰਿਆਂ ਵਿਚ ਪੇਸ਼ ਕਰ ਕੇ ਸੰਚਾਰ ਵਿਚ ਅਰਥ ਭਰਪੂਰਤਾ ਲਿਆਉਂਦੀ ਹੈ। ਪੁਰਾਣੇ ਰਾਹਾਂ ਤੇ ਬੀਤੇ ਸਫ਼ਰ ਦੀ ਮਿੱਟੀ ਨੂੰ ਉਹ ਵਰਤਮਾਨ ਦੇ ਬੁਰਸ਼ ਨਾਲ ਸਾਫ਼ ਕਰਦੀ ਹੈ ਤਾਂ ਕਿ ਜ਼ਿੰਦਗੀ ਦੀ ਭਵਿੱਖ-ਮੁੱਖਤਾ ਵਿਚ ਟੋਏ-ਟਿੱਬੇ ਨਾ ਰਹਿਣ।

ਉਸਨੇ ''ਪਿਘਲ਼ਦੀ ਨਦੀ'' ਭਾਂਵੇ ਆਪਣੇ ਇਸ ਗ਼ਜ਼ਲ ਸੰਗ੍ਰਹਿ ਦਾ ਨਾਂ ਰੱਖਿਆ ਹੈ ਪਰ ਮੈਂ ਉਹਨੂੰ ਖ਼ੁਦ ਨੂੰ ਤਾਂ ਪਿਘਲ਼ਦੀ ਨਦੀ ਕਹਿੰਦਾ ਹਾਂ ਪਰ, ਉਸ ਦੀਆਂ ਗ਼ਜ਼ਲਾਂ ਦੀ ਸ਼ਬਦਾਵਲੀ ਹੁਣ ਮੈਦਾਨੀ ਨਦੀ ਦੀ ਤ੍ਰਿਪਤੀ ਦਾ ਉਨਮਾਦ ਹੈ। ਹਿਰਦੇ ਦੀ ਗ਼ਜ਼ਲ ਦੀ ਸ਼ਬਦਾਵਲੀ, ਕਾਵਿ ਮੁਹਾਵਰਾ ਅਤੇ ਸ਼ਿਅਰੀ ਮਹੌਲ ਉਸਦਾ ਮੌਲਿਕ ਅਤੇ ਵਿਲੱਖਣਤਾ ਭਰਪੂਰ ਹੈ। ਉਸਦੀ ਗ਼ਜ਼ਲ ਦੀ ਭਾਸ਼ਾ ਉਸਦੇ

ਮਨ ਦੀ ਮਨ-ਬਚਨੀ ਹੈ। ਉਸਦੇ ਸ਼ਿਅਰ ਕੇਵਲ ਸ਼ਬਦਾਂ ਤੁਕਾਂਗਾਂ, ਤੁਕਾਂਤਾਂ ਅਤੇ ਬਹਿਰਾਂ, ਛੰਦਾਂ ਦੀ ਤਸਦੀਕ ਨਹੀਂ ਹਨ ਸਗੋਂ, ਇਵੇਂ ਲਗਦਾ ਹੈ ਕਿ ਉਸਦੇ ਵਿਚਾਰ ਭਾਸ਼ਾ ਜੁਗਤਾਂ ਤੋਂ ਬਾਗ਼ੀ ਹੋ ਕੇ ਭਾਸ਼ਾਈ ਬੰਧਨਾਂ ਤੋਂ ਪਾਰ ਜਾਣ ਲਈ ਕਾਹਲੇ ਪੈਂਦੇ ਨੇ ਪਰ, ਗ਼ਜ਼ਲਕਾਰਾ ਕੋਲ ਗ਼ਜ਼ਲੀਅਤ ਦਾ ਅੰਕੁਸ਼ ਹੈ।

ਉਸਨੂੰ, ਸਾਹਿਤ ਵਿਚ ਵੀ ਨਾਰੀ ਨੂੰ ਨਾਰੀ-ਵਾਦੀ ਨਜ਼ਰੀਏ ਦੁਆਰਾ ਹੀ ਹਾਸ਼ੀਆਗਤ ਕਰ ਦੇਣ ਦਾ ਦੁੱਖ ਹੈ। ਉਸ ਨੂੰ ਰੋਸ ਹੈ ਕਿ ਪਿਤਰੀ-ਸੱਤਾ ਨਾਰੀ ਜੀਵਨ ਦੇ ਹਰ ਪੜਾਅ ਉੱਤੇ ਦਮਨਕਾਰੀ ਸਿੱਧ ਸਥਾਪਤੀ ਵਜ਼ੋਂ ਹਾਜ਼ਰ ਰਹਿੰਦੀ ਹੈ। ਨਾਰੀ ਭਾਂਵੇਂ ਧੀ ਹੈ, ਭੈਣ ਹੈ, ਪ੍ਰੇਮਿਕਾ ਹੈ, ਪਤਨੀ ਹੈ, ਨੂੰਹ ਹੈ ਜਾਂ ਸੱਸ ਹੈ, ਉਸਦੀ ਲਗ਼ਾਮ ਮਰਦਾਂ ਦੇ ਹੱਥ ਹੀ ਰਹਿੰਦੀ ਹੈ। ਹਿਰਦੇ ਨੈਤਿਕਤਾ ਦੀ ਰਖਵਾਲੀ ਕਰਦੀ ਸ਼ਾਇਰਾ ਹੈ। ਉਹ ਸਮਾਜਿਕ ਨੈਤਿਕਤਾ ਦੀ ਅਰਜਿਤਾ ਉੱਤੇ ਸਮਾਜ ਦੀ ਸਰਕਾਰੀ ਮੋਹਰ ਸਮਝਦੀ ਹੈ ਅਤੇ ਉਸਨੂੰ ਸਮਾਜ ਦੀ ਧਰੋਹਰ ਮੰਨਦੀ ਹੈ।

ਅਮਰਜੀਤ ਕੌਰ ਹਿਰਦੇ ਦੀ ਗ਼ਜ਼ਲ ਦੀ ਸਿਫ਼ਤ ਨੂੰ ਦਰੁਸਤ ਸਾਬਿਤ ਕਰਨ ਹਿਤ ਹੱਥਲੇ ਗ਼ਜ਼ਲ ਸੰਗ੍ਰਹਿ 'ਪਿਘਲ਼ਦੀ ਨਦੀ' 'ਚੋਂ ਕੁਝ ਸ਼ਿਅਰ ਆਪ ਦੀ ਨਜ਼ਰ ਹਨ:

ਰੁੱਗ ਭਰ ਲੈਂਦੇ ਨੇ ਦਿਲ ਵਿੱਚੋਂ, ਸੀਨੇ ਨਾਲ ਲਗਾ ਕੇ ਹੀ।
ਦਿਲ ਦੀ ਪਿਆਰ ਕਲ਼ਾਵੇ ਵਿੱਚੋਂ, ਮਿਲਦੀ ਪੀੜ ਸਜ਼ਾ ਕੇਹੀ?
ਮਾਣ ਕੇ ਵਸਲਾਂ ਦਾ ਮੰਜ਼ਰ, ਫੇਰ ਵੀ ਪਿਆਸੀ ਹਾਂ ਮੈਂ।
ਡੀਕ ਕੇ ਸਾਰਾ ਸਮੁੰਦਰ, ਫੇਰ ਵੀ ਪਿਆਸੀ ਹਾਂ ਮੈਂ।
ਭਟਕਣਾ ਮਾਰੂਥਲ਼ਾਂ ਦੀ ਵਿੱਚੋਂ, ਲੰਘ ਆਈ ਪਾਰ ਹਾਂ,
ਵਰ੍ਹ ਰਿਹਾ ਅੱਗਿਓਂ ਸਮੁੰਦਰ, ਫੇਰ ਵੀ ਪਿਆਸੀ ਹਾਂ ਮੈਂ।
ਕਿਉਂ ਭਟਕੇਂ ਤੂੰ ਜੰਗਲ-ਬੇਲੇ, ਜੁਗਤੀ ਜੋਗ ਦੀ ਭਾਲਣ ਖ਼ਾਤਿਰ,
ਦਿਲ ਅੰਦਰ ਦੀਆਂ ਰਮਜ਼ਾਂ ਨੂੰ ਤਾਂ, ਥੱਕ ਗਏ ਜੋਗੀ ਕਹਿੰਦੇ-ਕਹਿੰਦੇ।
ਮੈਂ ਕੈਦੀ ਵਲਗਣਾਂ ਦੀ, ਦੂਰ ਤੋਂ ਚੰਨ ਵੇਖ ਸਕਨੀ ਆਂ,
ਕਿ ਆਪਣੇ ਚੰਨ ਮੁੱਖੜੇ ਨੂੰ ਮੇਰੇ ਸਾਂਵ੍ਹੇਂ ਕਰੀ ਰੱਖੀਂ।

ਗ਼ਲੀਂ ਮੁਹੱਲੀਂ, ਘਰ-ਘਰ ਅੱਜ-ਕੱਲ੍ਹ, ਹੁਸਨ ਦੇ ਸੌਦੇ ਹੁੰਦੇ,
ਭਲਾ ਕਿਉਂ ਬੰਦਾ ਅਜੇ ਵੀ ਪੁੱਛੇ, ਕੋਠਿਆਂ ਦੇ ਸਿਰਨਾਂਵੇਂ।

ਹੱਡੀਂ ਸੱਚ ਰਚਾ ਕੇ ਵੇਖੀਂ, ਕੁਫ਼ਰ 'ਚ ਮੱਚਣਾ ਛੱਡ ਪਰ੍ਹਾਂ।
ਹੈ ਅੰਮ੍ਰਿਤ ਰਸ, ਭਾਂਵੇਂ ਕੌੜਾ, ਸੱਚ ਤੋਂ ਭੱਜਣਾ ਛੱਡ ਪਰ੍ਹਾਂ।

ਇਸ ਤਰ੍ਹਾਂ ਦੀ ਤੜਪ ਮੇਰੇ, ਖ਼ੂਨ ਦੀ ਹੀ ਦੇਣ ਹੈ,
ਘੋਲ੍ਹ ਦੇ ਤੂੰ ਜ਼ਿੰਦਗੀ ਹੁਣ, ਖ਼ੂਨ ਦੇ ਵਿਚ ਬੰਦਗੀ।

ਸੋਜ਼, ਤੜਪ, ਵੈਰਾਗ਼, ਮੁਹੱਬਤ, ਸਭ ਇਸ ਦਿਲ ਦੇ ਹਾਸਿਲ,
ਸ੍ਰਿੜ, ਸਿਦਕ ਤੇ ਹੌਸਲੇ ਰਲ਼ ਕੇ, ਜਿੱਤ ਲਈ ਜੰਗ ਨਰੋਈ।
ਇਹ ਜੇਕਰ ਉੱਗ ਪਏ ਜੰਗਲ, ਅਸਾਡੇ ਵੀ ਮਨਾਂ ਅੰਦਰ,
ਇਸੇ ਜੰਗਲ ਦੇ ਵਿਚ ਬਹਿ ਕੇ ਅਸਾਂ ਨਿਰਵਾਣ ਪਾਣੇ ਨੇ।

ਹਿਰਦੇ ਦੇ ਬਹੁਤ ਸਾਰੇ ਸ਼ੇਅਰ ਫ਼ਲਸਫ਼ੇ ਦੇ ਗੂੜ੍ਹ ਪ੍ਰਵਚਨ ਹਨ ਜਿਵੇਂ:- ਚੀਸ ਡੂੰਘੀ ਉੱਠਦੀ ਹੈ 'ਹਿਰਦੇ' ਦੀ ਗਹਿਰਾਈ ਵਿੱਚੋਂ, ਚੁੱਪ ਰਹੇ ਜੇ ਇਹ ਵੀ ਤਾਂ ਹੈ, ਓਸਦੀ ਦੀਵਾਨਗੀ।

ਇੱਥੇ ਜਿਸ ਖ਼ੂਬਸੂਰਤੀ ਨਾਲ ਹਿਰਦੇ (ਉਪਨਾਮ) ਅਤੇ ਹਿਰਦੇ ਦੀ ਗੱਲ ਵੱਖ-ਵੱਖ ਅਰਥਾਂ ਵਿਚ ਹੋਈ ਹੈ ਉਹ ਅਲੰਕਾਰ ਖ਼ੂਬਸੂਰਤੀ ਦਾ ਮੰਜ਼ਰ ਹੈ।

ਉਸਦਾ ਜ਼ਿੰਦਗੀ ਪ੍ਰਤੀ ਇਕ ਹੋਰ ਬਹੁਤ ਭਾਵ-ਪੂਰਤ ਸ਼ਿਅਰ ਹੈ ਕਿ ਹੇ ਜ਼ਿੰਦਗੀ! ਮੈਂ ਬਦਲਦੇ ਜ਼ਮਾਨੇ ਦੇ ਨਾਲ ਗ਼ਲਤ ਤੌਰ ਤੇ ਨਹੀਂ ਬਦਲ ਸਕਦੀ। ਇਸ ਲਈ ਤੂੰ ਮੇਰੀ ਜੀਵਨ-ਸ਼ੈਲੀ ਨੂੰ ਰੱਦ ਨਾ ਕਰ:

ਜੇ ਤੂੰ ਕਰਨਾ ਹੈ ਤਾਂ ਏਸੇ, ਰੂਪ ਵਿਚ ਮਨਜ਼ੂਰ ਕਰ,
ਬਦਲ ਤਾਂ ਸਕਦੀ ਨਹੀਂ ਹੁਣ, ਦਿਲ ਮੇਰੇ ਦੀ ਸਾਦਗੀ।

ਉਸਦੇ ਦਿਲ ਦਾ ਗ਼ੁਲਾਬ ਸੁੱਕ ਗਿਆ ਸੀ, ਮਰ ਗਿਆ ਸੀ ਪਰ, ਕਿਸੇ ਰਿਸ਼ਤੇ ਦੇ ਮਰ ਜਾਣ ਦੇ ਨਾਲ ਕੋਈ ਮਰ ਤਾਂ ਨਹੀਂ ਜਾਂਦਾ। ਜੋ ਕੁਛ ਉਹਦੇ ਦਿਲ ਵਿਚ ਮਰ ਗਿਆ ਸੀ, ਸੁੱਕ ਗਿਆ ਸੀ ਉਹ ਹੁਣ ਉਹਦੇ ਰੋਮਾਂ ਵਿਚ ਤੇ ਉਹਦੀਆਂ ਆਂਦਰਾਂ ਵਿੱਚੋਂ ਖਿੜ ਪਿਆ ਹੈ :

ਮਰ ਕੇ ਵੀ ਰੋਮਾਂ 'ਚ ਜਿੰਦਾ ਰਹਿ ਗਿਆ ਸੀ ਜੋ,
ਆਂਦਰਾਂ 'ਤੇ ਖਿੜਿਆ ਗ਼ੁਲਾਬ ਮੇਰੇ ਦਿਲ ਦਾ।

ਕੁਦਰਤ ਬਹੁਤ ਗਹਿਨ ਹੈ ਪਰ, ਇਸ ਦੇ ਪਿੱਛੇ ਅੱਗੇ ਕੀ ਵਾਪਰ ਰਿਹਾ ਹੈ? ਇਸ ਦੀ ਚੱਕਰਵ੍ਰਿਤੀ ਵਿਚ ਤਾਂ ਜੀਣ ਵੀ ਹਰਾਮ ਹੋ ਜਾਂਦਾ ਹੈ। ਹਿਰਦੇ ਕਹਿ ਰਹੀ ਹੈ ਕਿ ਜੋ ਜਿਸਦਾ ਹੈ, ਓਹੀ ਸਭ ਕੁਝ ਹੋ ਕੇ, ਸਭ ਕੁਝ ਓਸੇ ਵਿਚ ਹੈ:

ਰਾਤਾਂ ਨ੍ਹੇਰੀਆਂ ਦੀ ਗਰਭਣ 'ਚੋਂ, ਜੰਮ ਪੈਂਦਾ ਜਿਉਂ ਸੂਰਜ,
ਕਾਲ-ਗਰਭ 'ਚੋਂ ਲਿਸ਼ਕ ਪੈਣੀ ਹੈ, ਚਾਨਣੀਆਂ ਦੀ ਲੋਈ।

ਸੱਤ-ਰੰਗੀ ਤਸਵੀਰ ਦਿਸੇਗੀ ਘੁੱਪ-ਹਨ੍ਹੇਰਿਆਂ ਵਿੱਚੋਂ, ਰਾਤ ਦਿਨਾਂ ਦੇ ਸੰਗਮ ਨੇ ਹੀ ਕੁਦਰਤ ਹੈ ਵਰਸੋਈ। ਹਿਰਦੇ ਆਪਣੇ ਕਾਵਿਕ ਫ਼ਰਜ਼ ਨੂੰ ਸਮਝਦੀ ਹੈ ਕਿ ਫਕਤ ਸ਼ਿਅਰ ਘੜਣ ਨਾਲ ਹੀ ਹਨ੍ਹੇਰੇ ਦੂਰ ਨਹੀਂ ਹੋਣੇ ਸਗੋਂ, ਹਨ੍ਹੇਰੇ ਦੂਰ

ਕਰਨ ਹਿਤ ਦੀਵੇ ਬਾਲਣ ਦੀ ਅਤੇ ਉਨ੍ਹਾਂ ਨੂੰ ਹਨ੍ਹੇਰੇ ਰਾਹਾਂ-ਘਰਾਂ ਵਿਚ ਧਰਨ ਦੀ ਲੋੜ ਹੈ।

ਜਦੋਂ ਤੱਕ ਰਾਤ ਬਾਕੀ ਹੈ ਇਹ ਦੀਵੇ ਬਾਲ਼ੀ ਜਾਣੇ ਨੇ।
ਹਨ੍ਹੇਰੇ ਮੇਟਣੇ ਖ਼ਾਤਿਰ ਅਸਾਂ ਦਿਲ ਵੀ ਜਲਾਣੇ ਨੇ।

ਜਦ ਕੋਈ ਸਾਹਾਂ ਦੀ ਦੂਰੀ ਤੇ ਹੋਵੇ ਪਰ, ਦਰਅਸਲ ਇਹ ਦੂਰੀ ਮੀਲਾਂ ਤੋਂ ਵੀ ਪਰ੍ਹੇ ਦੀ ਮਿਣੀ ਜਾਵੇ ਤਾਂ ਕੁਛ ਅੰਦਰ ਵੱਸਦੇ ਦੇ ਵਿਛੋੜੇ ਨੂੰ ਮਹਿਸੂਸ ਕਰਕੇ ਕਹਿਣ ਦੀ ਸ਼ਾਇਰਾ ਦੀ ਸ਼ਬਦਾਂ ਦੀ ਇਹ ਖ਼ਿਆਲ ਉਡਾਰੀ ਬਹੁਤ ਉਸਨੂੰ ਉਸਦੀ ਵਿਛੋੜੇ ਦੀ ਪੀੜ ਦੇ ਹਾਣ ਦਾ ਕਰਦੀ ਹੈ-

ਪੁੱਛਨਾਂ ਏ ਸ਼ਾਮ ਕਾਹਤੋਂ ਲੰਘੇ ਉਦਾਸ ਹੋ ਕੇ?
ਰਹਿਨਾਂ ਏਂ ਦੂਰ ਮੈਥੋਂ ਮੇਰੇ ਈ ਪਾਸ ਹੋ ਕੇ।

ਉਪਰੋਕਤ ਸ਼ਿਅਰ ਵਿਚ ਪ੍ਰਸ਼ਨੋਤਰ ਦੀ ਖ਼ੂਬੀ ਸਲਾਹੁਣ-ਯੋਗ ਹੈ। ਸ਼ਾਇਰਾ ਨੇ ਪਹਿਲੇ ਮਿਸਰੇ ਵਿਚ ਪ੍ਰਸ਼ਨ ਕੀਤਾ ਹੈ ਤੇ ਦੂਜੇ ਵਿਚ ਉੱਤਰ ਦਿੱਤਾ ਹੈ।ਇਵੇਂ ਹੀ ਸ਼ਾਇਰਾ ਅਮਰਜੀਤ ਕੌਰ 'ਹਿਰਦੇ' ਨੇ ਵਿਅੰਗ ਵਿਧਾ ਦਾ ਵੀ ਸ਼ਿਅਰਾਂ ਵਿਚ ਸਲਾਹੁਣ-ਯੋਗ ਵਰਤੋਂ ਕੀਤੀ ਹੈ। ਉਸਦਾ ਇਕ ਸ਼ੇਅਰ ਵੇਖੋ ਜੋ ਵਿਅੰਗ ਸ਼ਿਅਰ ਦਾ ਉਤਕ੍ਰਿਸ਼ਟ ਨਮੂਨਾ ਹੈ। ਜੋ ਕਿ ਕਿਸੇ ਨਾਰੀ ਵੱਲੋਂ ਮੈਂ ਪਹਿਲਾਂ ਐਸਾ ਪ੍ਰਬੁੱਧ ਵਿਅੰਗਮਈ ਸ਼ਿਅਰ ਨਹੀਂ ਪੜ੍ਹਿਆ।

ਤੁਸੀਂ ਜੋ ਅਪਣੇ ਨ੍ਹੇਰੇ ਘਰ 'ਚ ਦੀਵਾ ਬਾਲ ਬੈਠੇ ਹੋ।ਤੁਸੀਂ ਤਾਂ ਕਾਲਖ਼ਾਂ ਸੰਗ ਦੁਸ਼ਮਣੀ ਹੀ ਪਾਲ ਬੈਠੇ ਹੋ। ਪੰਜਾਬੀ ਗ਼ਜ਼ਲ ਵਿਚ ਅਮਰਜੀਤ ਕੌਰ 'ਹਿਰਦੇ' ਆਪਣਾ ਮੌਲਿਕ ਮੁਹਾਵਰਾ ਲੈ ਕੇ ਹਾਜ਼ਰ ਹੋਈ ਹੈ। ਉਸਦੇ ਸ਼ਿਅਰਾਂ ਵਿਚ ਜਿੱਥੇ ਨਾਰੀ ਸੰਵੇਦਨਾ ਦਾ ਪਰਤੌਅ ਹੈ, ਓਥੇ ਨਾਰੀ ਮਸਲਿਆਂ ਪ੍ਰਤੀ ਵਿਸ਼ਲੇਸ਼ਣ ਵੀ ਹੈ। ਉਹ ਨਿੱਜ ਦੇ ਦੁੱਖਾਂ-ਦਰਦਾਂ ਅਤੇ ਹੌਕਿਆਂ ਨੂੰ ਕੁੱਲ ਸੰਸਾਰ ਤੱਕ ਪ੍ਰੀਵਰਤਿਤ ਕਰ ਸਕਣ ਵਿਚ ਸਮਰੱਥ ਹੈ। ਉਹ ਆਪਣੇ ਵਿਰਸੇ-ਸੱਭਿਆਚਾਰ ਅਤੇ ਸਮਾਜਿਕ ਨੈਤਿਕਤਾਵਾਂ ਪ੍ਰਤੀ ਫ਼ਿਕਰਮੰਦ ਸ਼ਾਇਰਾ ਹੈ। ਪਿਛਲੇ ਸਮੇਂ ਪੰਜਾਬੀ ਕਵਿੱਤਰੀਆਂ ਨੇ ਜਿਨਸੀ ਖੁੱਲ੍ਹਾਂ ਦੇ ਵਾ-ਵਰੋਲ਼ੇ ਵਿਚ ਬੜਾ ਕੁਝ ਅਨੈਤਿਕ ਵੀ ਦਰਜ਼ ਕਰਵਾਇਆ। ਪਰ, ਸਾਡੀ ਸ਼ਾਇਰਾ 'ਹਿਰਦੇ' ਫ਼ਾਹਸ਼ ਕਿਸਮ ਦੇ ਬਿਆਨਾਂ ਤੋਂ ਬਾਜ਼ ਰਹਿੰਦੀ ਹੈ ਅਤੇ ਸ਼ਿਅਰ-ਕਾਰੀ ਨੂੰ ਇਕ ਪਵਿੱਤਰ ਵਾਣੀ ਵਾਂਗ ਪੇਸ਼ ਕਰਦੀ ਹੈ।

ਪਿਆਰ, ਮੁਹੱਬਤ, ਗ਼ਿਲੇ-ਸ਼ਿਕਵੇ, ਵਿਛੋੜੇ ਦਾ ਦਰਦ ਅਤੇ ਮੇਲ ਦੀ ਖ਼ੁਸ਼ੀ ਦੇ ਰੰਗ ਉਸਦੇ ਸ਼ਿਅਰਾਂ ਵਿਚ ਨਾਰੀਤਵ ਦੀ ਆਭਾ ਨੂੰ ਵਧਾਉਣ ਵਾਲੇ ਮੁੱਦਿਆਂ ਵਜੋਂ ਪੇਸ਼ ਹੋਏ ਹਨ। ਸ਼ਾਇਰਾ ਹਿਰਦੇ ਨੂੰ ਦੁੱਖ ਹੈ ਕਿ ਉਹ ਨਾਰੀ ਜਿਸ ਦੀ ਘਰ ਵਿਚ ਹਾਜ਼ਰੀ ਫ਼ੁੱਲ ਵਿਚਲੀ ਮਹਿਕ ਤੇ ਰੰਗ ਵਾਂਗ ਵੇਖੀ ਜਾਂਦੀ ਹੈ, ਓਸੇ ਨੂੰ ਸਨਮਾਨ ਦੇ ਕਾਗ਼ਜ਼ ਉੱਤੇ ਲਿਖਣ ਲੱਗਿਆਂ ਹਾਸ਼ੀਆਗਤ ਕਰ ਦਿੱਤਾ ਜਾਂਦਾ ਹੈ।

ਉਸਦੇ ਸ਼ਿਅਰਾਂ ਵਿਚ ਸਮਾਜਿਕ ਵਿਡੰਬਨਾਵਾਂ, ਭਰੂਣ-ਹੱਤਿਆ, ਨਸ਼ੇ ਅਤੇ ਜਿਨਸੀ ਅੱਯਾਸ਼ੀ ਨੂੰ ਭੰਡਿਆ ਗਿਆ ਹੈ ਅਤੇ ਮੁਹੱਬਤ ਨੂੰ ਸੰਸਾਰ-ਗਤੀ ਦੇ ਸੂਤਰ-ਧਾਰ ਵਜੋਂ ਪੇਸ਼ ਕੀਤਾ ਗਿਆ ਹੈ। 'ਹਿਰਦੇ' ਦਾ ਹਿਰਦਾ ਔਰਤ ਜਾਤੀ ਦਾ ਹਿਰਦਾ ਹੈ ਜੋ ਲੱਖ ਸੱਟਾਂ ਖਾ ਕੇ ਵੀ ਆਪਣੀ ਕੋਮਲਤਾ ਤੇ ਮਹਿਕ ਨੂੰ ਬਰਕਰਾਰ ਰੱਖਦਾ ਹੈ। ਸ਼ਾਇਰੀ ਓਹੀ ਸਲਾਹੁਣ-ਯੋਗ ਹੁੰਦੀ ਹੈ ਜੋ ਸਮਾਜ ਨੂੰ ਅਤੇ ਲੋਕਾਈ ਨੂੰ ਸਿੱਧੇ ਰਸਤਿਆਂ ਦੀ ਤਸਦੀਕ ਕਰ ਕੇ ਦੇਵੇ।

ਮੈਂ ਇਹ ਦਾਅਵਾ ਕਰਦਾ ਹਾਂ ਕਿ ਇਸਤੋਂ ਅਗਲੇ ਗ਼ਜ਼ਲ ਸੰਗ੍ਰਹਿ ਵਿਚ ਅਮਰਜੀਤ ਕੌਰ 'ਹਿਰਦੇ' 'ਪਿਘਲ਼ਦੀ ਨਦੀ' ਦੀਆਂ ਗ਼ਜ਼ਲਾਂ ਦੇ ਉਚੇਰੇ ਗ਼ਜ਼ਲ ਵਿਧਾਨ ਤੋਂ ਵੀ ਅਗਾਂਹ ਪ੍ਰਬੀਨ ਹੋ ਕੇ ਹਾਜ਼ਰ ਹੋਵੇਗੀ।

ਆਮੀਨ।


**ਸੁਲੱਖਣ ਸਰਹੱਦੀ**

ਮੋਬ: 9464958236

9988868847

ਰੇਖ਼ਾ-ਚਿੱਤਰ

# ਮਮਤਾ ਨਾਲ ਲਬਾ-ਲਬ ਹਿਰਦੇ ਦੀ ਮਲਿਕਾ ਹੈ ਅਮਰਜੀਤ ਕੌਰ 'ਹਿਰਦੇ'

ਬੇਸ਼ੱਕ ਪਿਛਲੇ ਲੰਮੇ ਸਮੇਂ ਤੋਂ ਪਾਠਕ ਅਤੇ ਸਰੋਤੇ ਅਮਰਜੀਤ ਕੌਰ 'ਹਿਰਦੇ' ਦੀਆਂ ਰਚਨਵਾਂ ਹਰ ਤਰ੍ਹਾਂ ਦੇ ਪੇਪਰਾਂ, ਮੈਗ਼ਜ਼ੀਨਾਂ ਵਿਚ ਪੜ੍ਹਦੇ ਤੇ ਉਸਨੂੰ ਮੁਸ਼ਾਇਰਿਆਂ ਵਿਚ ਸੁਣਦੇ ਆ ਰਹੇ ਹਨ। ਉਹਨਾਂ ਦੀ ਕਲ਼ਮ ਦਾ ਮੁੱਦਈ ਹੋਣ ਦੇ ਨਾਤੇ ਮੈਂ ਤਾਂ ਆਪ ਜੀ ਨੂੰ ਉਹਨਾਂ ਦੇ ਗੀਤ, ਗ਼ਜ਼ਲਾਂ, ਕਵਿਤਾਂਵਾਂ, ਕੁਝ ਸਾਂਝੇ ਕਾਵਿ-ਸੰਗ੍ਰਹਿਆਂ ਤੋਂ ਬਿਨਾਂ ਉਹਨਾਂ ਦੀਆਂ ਪੜ੍ਹੀਆਂ ਹੋਈਆਂ ਪਹਿਲੀਆਂ ਕਿਤਾਬਾਂ ਜਿਵੇਂ 'ਚਿੰਤਨ ਦੀ ਕੁੱਖ' ''ਕੀਕਣ ਲਿਖਾਂ ਹਰਫ਼ ਨਵੇਂ'' ਅਤੇ ਉਸਦੀ ਸ਼ਖ਼ਸੀਅਤ ਆਦਿ ਦੀ ਤਰੀਫ਼ ਬਾਰੇ ਕੁਛ ਨਿਵੇਕਲਾ ਪਾਠਕਾਂ ਤੇ ਸਰੋਤਿਆਂ ਨਾਲ ਸਾਂਝਾ ਕਰਨਾ ਚਾਹੁੰਦਾ ਹਾਂ।

ਅਤਿ ਭਾਵੁਕ ਅਤੇ ਸੰਵੇਦਨਸ਼ੀਲ ਹਿਰਦੇ ਵਿੱਚੋਂ ਲਿਖੀਆਂ ਰਚਨਾਵਾਂ ਜੀਵਨ ਤੋਂ ਅਸੰਤੁਸ਼ਟ ਇਨਸਾਨ ਦਾ ਡੂੰਘਾ ਰੁਦਨ ਤੇ ਪੀੜਾਂ ਦਾ ਅਹਿਸਾਸ ਬਣ ਮਿਲਦੀਆਂ ਹਨ।ਹਾਲਾਂ ਕਿ ਉਸਦੇ ਵਿਹਾਰ ਵਿੱਚੋਂ ਅਸੰਤੁਸ਼ਟਤਾ ਨੂੰ ਕੋਈ ਭਾਂਪ ਨਹੀਂ ਸਕਦਾ। ਉਹ ਬੜੀ ਰੱਜੀ-ਪੁੱਜੀ ਤੇ ਸੰਤੋਖ਼ੀ ਹੋਈ ਨਜ਼ਰੀਂ ਆਉਂਦੀ ਹੈ। ਕਿਉਂਕਿ ਮੈਨੂੰ ਲੱਗਦਾ ਹੈ ਕਿ ਇਹ ਨਦੀ ਹੁਣ ''ਹੁਕਮੈ'' ਵਿਚ ਆ ਗਈ ਹੈ। ਉਹ ਨਿਡਰ ਹੈ ਪਰ, ਹਰ ਸਮੇਂ ਪ੍ਰਮਾਤਮਾ ਦੇ ਭਾਉ ਅਤੇ ਭਉ ਵਿਚ ਵਿਚਰਨ ਵਾਲੀ ਨਿਰਦੋਸ਼ ਜਿਹੀ ਨਿਰਛਲ਼ ਤੇ ਬੇਬਾਕ ਆਤਮਾ ਹੈ। ਉਸਦਾ ਜੀਵਨ ਦਰਸ਼ਨ ਬਾਰੇ ਵਿਸ਼ਾਲ ਗਿਆਨ, ਅਣ ਕਿਆਸੇ ਦੁੱਖਾਂ ਨੂੰ ਦੰਦੀਆਂ ਭੀਚ ਕੇ ਜ਼ਰ ਲੈਣ ਵਾਲਾ ਉਸਦਾ ਦ੍ਰਿੜ ਪਰ ਸੀਰਤ ਪੱਖੋਂ ਬੜਾ ਕੋਮਲ ਹਿਰਦਾ ਹੈ। ਮੈਨੂੰ ਲੱਗਦਾ ਹੈ ਕਿ ਜਦੋਂ ਤੋਂ ਉਸਦੇ ਨਾਮ ਨਾਲ 'ਹਿਰਦੇ' ਉਪ-ਨਾਮ ਜੁੜ ਗਿਆ ਹੈ ਉਹ ਹੁਣ ਸੱਚ-ਮੁੱਚ ਹਿਰਦੇ ਤੋਂ ਜਿਉਂਦੀ ਹੈ। ਵੈਸੇ ਵੀ ਦਿਮਾਗ਼ੀ ਰਾਜਨੀਤੀ ਉਹਦੇ ਵੱਸ ਦੀ ਗੱਲ ਨਹੀਂ। ਗੱਲ ਕਰਦਿਆਂ ਉਹ ਸਾਹਮਣੇ ਵਾਲੇ ਮਨੁੱਖ ਦੀ ਗੰਧਲ਼ੀ ਨੀਤ, ਸਾੜਾ ਤੇ ਈਰਖ਼ਾ ਚੰਗੀ ਤਰ੍ਹਾਂ ਸਮਝਦੀ ਹੋਈ ਵੀ ਖ਼ਮੋਸ਼ੀ ਦੇ ਪੱਲੇ ਵਿਚ ਲਪੇਟ ਛੱਡਦੀ ਹੈ। ਲੋੜ ਪੈਣ ਵੇਲੇ ਤੇ ਬਣਦੀ-ਤਣਦੀ ਜਗ੍ਹਾ 'ਤੇ ਪੈਸੇ ਖ਼ਰਚਣ ਵਿਚ ਖੁੱਲ੍ਹੇ ਹੱਥ ਵਾਲੀ ਹਿਰਦੇ ਮਾਂ ਹੱਯਾਤੀ ਦੀਆਂ ਛੋਟੀਆਂ-ਛੋਟੀਆਂ ਗੱਲਾਂ ਵਿੱਚੋਂ ਵੱਡੀਆਂ ਖ਼ੁਸ਼ੀਆਂ ਲੱਭ ਲੈਂਦੀ ਹੈ। ਉਸਦੀ ਕਿਸੇ ਵੀ ਵਿਸ਼ੇ ਨੂੰ ਜਾਂ ਸਖ਼ਸ਼ੀਅਤ ਨੂੰ ਸਮਝਣ ਦੀ ਸੂਝ ਬਾ-ਕਮਾਲ ਹੈ। ਸਾਹਿਤ ਦੇ ਕਿਸੇ ਵੀ ਵਿਸ਼ੇ 'ਤੇ ਤੁਸੀਂ ਉਸ

ਨਾਲ ਡਿਬੇਟ ਕਰ ਲਵੋ ਤੁਹਾਡੇ ਬੋਲੇ ਅਗਲੇ ਫ਼ਿਕਰੇ ਉਹ ਪਲਾਂ ਵਿਚ ਹੀ ਪੂਰੇ ਕਰ ਲੈਂਦੀ ਹੈ। ਸ਼ਾਇਦ ਇਸੇ ਕਾਰਨ ਹੀ ਉਹ ਕਵਿਤਾ ਜਾਂ ਹੋਰ ਸਾਹਿਤਕਾਰੀ ਤੋਂ ਅਦਾਕਾਰੀ ਵੱਲ ਮੱਲੋ-ਮੱਲੀ ਅਹੁਲਦੀ ਹੈ। ਕਿਉਂਕਿ ਉਹਦੇ ਸਹਿਜ ਵਿਚ ਵੀ ਅਦਾਕਾਰੀ ਪ੍ਰਤੀਤ ਹੁੰਦੀ ਹੈ। ਜਿਸ ਕਾਰਨ ਉਹਨੂੰ ਜਾਨਣ ਵਾਲੇ ਵੀ ਉਹਦੀ ਸ਼ਖ਼ਸੀਅਤ ਬਾਰੇ ਸਮਝਣ ਵਿਚ ਟਪਲ਼ਾ ਖਾ ਜਾਂਦੇ ਹਨ ਤੇ ਉਹਦੇ ਬਾਰੇ ਹੋਰ ਈ ਅਣ-ਕਿਆਸੀਆਂ ਉੱਘ-ਪਤਾਲ ਦੀਆਂ ਸੁਣੀਆਂ-ਸੁਣਾਈਆਂ ਕਲ਼ਪਨਾਵਾਂ ਦੇ ਮਹਿਲ ਉਸਾਰ ਲੈਂਦੇ ਹਨ। ਜਿੱਥੇ ਉਹ ਆਪਣੀ ਨਿੱਜੀ ਜ਼ਿੰਦਗੀ ਵਿਚ ਰਿਸ਼ਤਿਆਂ ਨੂੰ ਬਾਖ਼ੂਬੀ ਅਤੇ ਸਹਿਜ ਨਾਲ ਨਿਭਾਉਂਦੀ ਤੁਰੀ ਆ ਰਹੀ ਹੈ ਉਹ ਫ਼ਿਲਮੀ ਪਰਦੇ 'ਤੇ ਵੀ ਕਿਰਦਾਰ ਵਿਚ ਸਹਿਜ ਨਾਲ ਹੀ ਸਮਾਂ ਜਾਂਦੀ ਹੈ। ਉਸਦੀ ਅਵਾਜ਼-ਏ-ਅੰਦਾਜ਼ ਥੀਏਟਰ ਦੇ ਕਲਾਕਾਰਾਂ ਵਰਗੀ ਹੈ। ਇਸ ਲਈ ਮੈਂ ਬੜੇ ਸਾਲ ਪਹਿਲਾਂ ਹਿਰਦੇ ਮਾਂ ਨੂੰ ਕਿਹਾ ਸੀ ਕਿ ਤੁਸੀਂ ਥੀਏਟਰ ਕਿਉਂ ਨਹੀਂ ਕਰਦੇ? ਤੁਹਾਡੀ ਐਸਟ੍ਰਾਲਾੱਜੀ ਅਨੁਸਾਰ ਤੁਹਾਨੂੰ ਤਾਂ ਇਸ ਸਮੇਂ ਫ਼ਿਲਮੀ ਪਰਦੇ 'ਤੇ ਹੋਣਾ ਚਾਹੀਦਾ ਹੈ। ਮੈਂ ਤੁਹਾਡੀ ਜਨਮ ਕੁੰਡਲੀ ਦਾ ਆਪਣੀ ਜੋਤਿਸ਼ ਵਿੱਦਿਆ ਅਨੁਸਾਰ ਬਹੁਤ ਗਹਿਰਾਈ ਨਾਲ ਮੁਤਾਲਿਆ ਕੀਤਾ ਹੈ ਤਾਂ ਉਸਨੇ ਕਿਹਾ ਕਿ, ''ਮੈਂ ਬਾਇਚਾਂਸ ਪਿਛਲੇ ਦੋ ਸਾਲਾਂ ਤੋਂ ਪਰਦੇ 'ਤੇ ਵਿਚਰ ਰਹੀ ਹਾਂ। ਉਸਨੇ ਕਿਹਾ ਕਿ ਇਹ ਰਾਹ ਵੀ ਮੈਂ ਖ਼ੁਦ ਨਹੀਂ ਚੁਣਿਆਂ ਸਗੋਂ ਇਹ ਰਾਹ ਮੇਰੀ ਜ਼ਿੰਦਗੀ ਵਿਚ ਖ਼ੁਦ ਚੱਲ ਕੇ ਆ ਗਿਆ ਹੈ ਤੇ ਮੈਂ ਮੇਰੀ ਜ਼ਿੰਦਗੀ ਦੀ ਬੇੜੀ ਵਿਚ ਬਿਨਾਂ ਚੱਪੂ ਦੇ ਸਵਾਰ ਹਾਂ। ਹਵਾ ਬੇੜੀ ਨੂੰ ਜਿੱਧਰ ਲੈ ਜਾਂਦੀ ਹੈ ਮੈਂ ਉਸੇ ਨੂੰ ਵਾਹਿਗੁਰੂ ਦਾ ਹੁਕਮ ਮੰਨ ਲੈਂਦੀ ਹਾਂ। ਸੱਚੀ ਹੀ ਨਵੇਂ ਰਾਹ ਉਸ ਵੱਲ ਚੱਲ ਕੇ ਆਉਂਦੇ ਹਨ ਕਿਉਂਕਿ ਉਹ ਰਾਹਾਂ ਦੀ ਪਾਂਧੀ ਹੈ। ਕਿਸੇ ਵੀ ਮੰਜ਼ਿਲ 'ਤੇ ਉਸਦਾ ਪੜਾਅ ਲੰਮੇਰਾ ਨਹੀਂ। ਉਸਦੇ ਸਿਤਾਰੇ ਹੀ ਅਜਿਹੇ ਹਨ। ਉਸਦੀ ਜ਼ਿੰਦਗੀ ਵਿਚ ਭਰਮਣ ਹੈ, ਉਦਾਸੀਆਂ ਹਨ, ਉਹ ਕਰਮ-ਜੋਗਣ ਹੈ, ਉਹ ਰਿਸ਼ਤਿਆਂ ਦੀ ਜੋਗਣ ਹੈ। ਉਹ ਰਿਸ਼ਤਿਆਂ ਦੀ ਸਾਧਨਾ ਕਰਦੀ ਹੈ। ਉਹ ਕਰਮਾਂ ਦੀ ਸਾਧਨਾ ਕਰਦੀ ਹੈ। ਉਹ ਸਾਂਹਾਂ ਦੀ ਸਾਧਨਾ ਕਰਦੀ ਹੈ। ਤੁਰੀ-ਫਿਰਦੀ ਘਰ-ਗ੍ਰਹਿਸਥੀ ਦੇ ਭੋਗ-ਭੋਗਦੀ ਵੀ ਉਹ ਸਮਾਧੀ-ਲੀਨ ਹੋਈ ਹੋਈ ਜੋਗਣ ਹੈ।

ਇਸ ਕੋਮਲ ਤੇ ਗੁਣਾਂ ਦੀ ਧਨੀ ਹਿਰਦੇ ਨੂੰ ਅਹਿੰਕਾਰ ਅਤੇ ਆਕੜ ਛੂਹ ਕੇ ਵੀ ਨਹੀਂ ਗਈ। ਪਰ ਉਸਦੇ ਬੋਲਾਂ ਵਿਚ ਹਮੇਸ਼ਾਂ ਖ਼ਰਾਪਣ ਝਲ਼ਕਦਾ ਹੈ। ਉਹ ਸਿਰੇ ਦੀ ਸਵੈ-ਅਭਿਮਾਨੀ ਹੈ। ਸਵੈ-ਅਭਿਮਾਨ ਅਤੇ ਹੰਕਾਰ ਵਿਚ ਇਕ ਪਤਲੀ ਜਿਹੀ ਦੀਵਾਰ ਹੈ। ਜਿਸ ਲਈ ਉਸਦੇ ਸਵੈਮਾਨ ਨੂੰ ਸਾਹਮਣੇ ਵਾਲਾ ਉਸਦਾ ਹੰਕਾਰ ਆਕੜ ਤੇ ਪਤਾ ਨਹੀਂ ਕੀ ਕੁਛ ਸਮਝ ਬੈਠਦਾ ਹੈ। ਤੁਸੀਂ ਜੋ ਮਰਜ਼ੀ ਕਹੀ ਜਾਓ, ਪਰ ਉਹ ਲੌਂਗੋਵਾਲੀਏ ਸਾਧ ਵਾਂਗ ਇਹਨਾਂ ਗੱਲਾਂ ਨੂੰ ਟਿੱਚ ਜਾਣਦੀ ਹੈ। ਉਹ ਆਪਣੇ ਸਵੈਮਾਣ ਦੇ ਰੰਗ ਵਿਚ ਰੰਗੀ ਆਪਣੀ ਸਰਲਤਾ ਕਾਇਮ

ਰੱਖਦੀ ਹੋਈ ਮਹਿਫ਼ਲ ਵਿਚ ਪੂਰੇ ਜਲੌਅ ਨਾਲ ਤੁਰਦੀ ਹੈ, ਕਿਉਂਕਿ ਉਸਦੀ ਸ਼ਖ਼ਸੀਅਤ ਹੀ ਐਸੀ ਹੈ। ਹੰਝੂਆਂ ਤੇ ਕਵਿਤਾ ਰਾਹੀਂ ਮਨ ਦੀ ਵੇਦਨਾ ਪ੍ਰਗਟ ਕਰਦੀ ਹਿਰਦੇ ਇੱਕੋ ਹੀ ਸਮੇਂ ਸੂਝਵਾਨ, ਚੇਤਨ-ਗਤ ਅਤੇ ਵਿਦਵਾਨ ਹੁੰਦੀ ਹੈ ਤੇ ਦੂਜੇ ਹੀ ਪਲ ਫਿਰ ਬੱਚਿਆਂ ਵਰਗੀ ਸਹਿਜ।

ਪੰਜਾਬੀ ਸੱਭਿਆਚਾਰ ਅਨੁਸਾਰ ਉਹ ਉੱਚੇ ਦਰਜ਼ੇ ਦੀ ਮਹਿਮਾਨ-ਨਿਵਾਜ਼ ਹੈ। ਫਿਰ ਭਾਵੇਂ ਉਹਦੇ ਘਰ ਕੋਈ ਰਿਸ਼ਤੇਦਾਰ ਆਵੇ ਜਾਂ ਕੋਈ ਸਾਹਿਤਕਾਰ ਜਾਂ ਫਿਰ ਕੋਈ ਵੀ ਲੋੜਵੰਦ ਆਵੇ, ਉਸਦੀ ਮਹਿਮਾਨ-ਨਿਵਾਜ਼ੀ ਵਿਚ ਕੋਈ ਫ਼ਰਕ ਨਹੀਂ ਪੈਂਦਾ। ਘਰ ਆਏ ਮਹਿਮਾਨ ਦਾ ਉਸਨੂੰ ਚਾਅ ਹੀ ਬੜਾ ਹੁੰਦਾ ਹੈ। ਉਹਦੇ ਧਰਤੀ ਪੱਬ ਨਹੀਂ ਲੱਗਦੇ। ਘਰ ਆਇਆਂ ਨਾਲ ਬੱਚਿਆਂ ਵਾਂਗ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਉਸਦੀ ਪਵਿੱਤਰਤਾ ਮਹਿਮਾਨ ਦੇ ਮਨ-ਮਸਤਕ ਨੂੰ ਛੂੰਹਦੀ ਹੋਈ ਧੁਰ ਆਤਮਾ ਤੱਕ ਲਹਿ ਜਾਂਦੀ ਹੈ। ਕਹਿੰਦੀਆਂ-ਕਹਾਉਂਦੀਆਂ ਹੁਸੀਨ ਤੇ ਦੁਖਿਆਰੀਆਂ ਔਰਤਾਂ ਅਕਸਰ ਉਸ ਨਾਲ ਆਪਣੇ ਮਨ ਦੇ ਗਹਿਰੇ ਤੇ ਛੁਪੇ ਹੋਏ ਦੁੱਖਾਂ ਦੇ ਰਾਜ਼ ਸਾਂਝੇ ਕਰ ਲੈਂਦੀਆਂ ਹਨ, ਜਿਸ ਕਾਰਨ ਉਹ ਇੱਕੋ ਹੀ ਸਮੇਂ ਸਹੇਲੀ ਹੋਣ ਦੇ ਨਾਲ-ਨਾਲ ਆਪਣੀ ਮਾਂ ਵਰਗੀ ਵੀ ਪ੍ਰਤੀਤ ਹੁੰਦੀ ਹੈ।

ਜਿਵੇਂ ਜੰਗਲਾਂ ਦੇ ਜੋਗੀ ਭਟਕਦੇ ਕਈ ਵਾਰ ਪਹਾੜ ਤੋਂ ਧਰਤੀ ਉੱਤੇ ਆਮ ਲੋਕਾਂ ਵਿਚ ਉੱਤਰ ਆਉਂਦੇ ਹਨ, ਉਵੇਂ ਮੈਂ ਵੀ ਕਈ ਵਾਰੀ ਘੁੰਮਦਾ-ਘੁਮਾਉਂਦਾ ਜੰਗਲ, ਪਹਾੜਾਂ ਤੇ ਕੁਦਰਤ ਦਾ ਅਨੰਦ ਮਾਣਦਾ ਧਰਤੀ ਉੱਤੇ ਉੱਤਰ ਆਉਂਦਾ ਹਾਂ। ਸਾਲਾਂ ਦਾ ਸਮਾਂ ਸਾਧਨਾਂ ਵਿਚ ਲੰਘ ਜਾਂਦਾ ਹੈ। ਹਰਦੁਆਰ ਜਾਂ ਰਿਸ਼ੀਕੇਸ਼ ਦੇ ਜੰਗਲਾਂ ਵਿੱਚੋਂ ਜਦੋਂ ਵੀ ਕਦੇ ਮੈਂ ਏਧਰ ਪਰਤਦਾ ਹਾਂ ਤਾਂ ਮੈਂ ਉਸ ਲਈ ਪਵਿੱਤਰ ਗੰਗਾ-ਜਲ ਜ਼ਰੂਰ ਲੈ ਕੇ ਆਉਂਦਾ ਹਾਂ ਤੇ ਹਿਰਦੇ ਮਾਂ ਨੂੰ ਫੋਨ ਕਰਦਾ ਹਾਂ। ਉਹ ਵੀ ਆਪਣੀ ਸਾਹਿਤਕ ਇਕੱਲਤਾ ਦੀ ਸਾਧਨਾ ਵਿਚ ਲੀਨ ਜਦੋਂ ਉਹ ਫੋਨ ਉੱਤੇ ਹੈਲੋ ਦਾ ਜਵਾਬ ਦਿੰਦੀ ਹੈ ਤਾਂ ਮੈਨੂੰ ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਕੋਈ ਸਮਾਧੀ ਵਿਚ ਬੈਠਾ ਜੋਗੀ ਮਲਕੜੇ ਜਿਹੇ ਪਲਕਾਂ ਚੁੱਕ ਕੇ ਆਉਣ ਵਾਲੇ ਦੀ ਹਾਜ਼ਰੀ ਦਾ ਅਹਿਸਾਸ ਕਬੂਲਦਾ ਹੈ ਉਸ ਤਰ੍ਹਾਂ ਹੀ ਉਹ ਆਏ ਦੀ ਹਾਜ਼ਰੀ ਨੂੰ ਮਨਜ਼ੂਰ ਕਰ ਲੈਂਦੀ ਹੈ। ਮੈਨੂੰ ਉਸਦੇ ਮੂੰਹੋਂ ਉਸਦੀਆਂ ਗ਼ਜ਼ਲਾਂ, ਕਵਿਤਾਵਾਂ ਦਾ ਪਾਠ ਬਹੁਤ ਅਨੰਦ ਦਿੰਦਾ ਹੈ। ਇਕ ਵਾਰੀ ਲੰਮੀ ਚੁੱਪੀ ਤੋਂ ਬਾਅਦ ਉਹਦੀ ਜ਼ੁਬਾਨੀ ਕਵਿਤਾ ਪਾਠ ਰਾਹੀਂ ਉਹਦੇ ਦੁੱਖ-ਸੁੱਖ ਵਿਚ ਸ਼ਰੀਕ ਹੁੰਦਿਆਂ ਮੈਂ ਉਹਦੇ ਹਿਰਦੇ ਵਿਚ ਪਏ ਗਹਿਰੇ ਦੁੱਖਾਂ ਦੀ ਥਾਹ ਪਾਉਣ ਦੀ ਕੋਸ਼ਿਸ ਕਰਦਾ ਰਿਹਾ ਪਰ, ਉਹਦੇ ਹਿਰਦੇ ਦੀ ਥਾਹ ਪਾਉਣੀ ਏਨੀ ਸੌਖੀ ਨਹੀਂ। ਕੋਈ ਉਸਨੂੰ ਚੁੱਭਵੀਂ ਗੱਲ ਕਰਕੇ ਨੀਚਾ ਦਿਖਾਉਣ ਦੀ ਕੋਸ਼ਿਸ਼ ਕਰੇ, ਉਹਨੂੰ ਦੁਖੀ ਕਰਨ ਦੀ ਕੋਸ਼ਿਸ਼ ਕਰੇ, ਸਾਹਮਣੇ ਵਾਲੇ ਨੂੰ ਉਹ ਇਸਦਾ ਅਹਿਸਾਸ ਤੱਕ ਵੀ ਨਹੀਂ ਹੋਣ ਦਿੰਦੀ। ਉਹ ਦੁੱਖਾਂ-ਸੁੱਖਾਂ, ਗ਼ਿਲਿਆਂ-ਸ਼ਿਕਵਿਆਂ ਨੂੰ ਡੀਕ ਲਾ ਕੇ ਪੀਣ ਦੀ ਸਮਰੱਥਾ

ਰੱਖਦੀ ਹੈ ਤੇ ਇਸ ਤਰ੍ਹਾਂ ਉਹ ਰਿਸ਼ਤਿਆਂ ਨੂੰ ਤਾਅ-ਉਮਰ ਸੰਭਾਲ-ਸੰਭਾਲ ਜਿਉਂਦੀ ਹੈ। ਉਹਦੇ ਹਿਰਦੇ ਵਿਚ ਹਰ ਰਿਸ਼ਤਾ ਸਦਾ ਜਿਉਂਦਾ ਰਹਿੰਦਾ ਹੈ। ਮੀਲਾਂ ਦੀ, ਸਮੇਂ ਦੀ, ਫੋਨ ਦੀ ਦੂਰੀ ਜਾਂ ਦੇਰੀ ਉਹਦੇ ਆਸ-ਪਾਸ ਦੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਲੇਸ-ਮਾਤਰ ਵੀ ਫ਼ਰਕ ਨਹੀਂ ਪੈਣ ਦਿੰਦੀ। ਸਾਲਾਂ ਬਾਅਦ ਗੱਲ ਕਰਕੇ ਵੀ ਉਹਦੇ ਨਾਲ ਇੰਜ ਲੱਗਦਾ ਹੈ ਜਿਵੇਂ ਰੋਜ ਹੀ ਗੱਲ ਹੁੰਦੀ ਹੋਵੇ।

ਲੰਮੀ ਟੈਲੀ-ਫੋਨਿਕ ਗੱਲਬਾਤ ਤੋਂ ਬਾਅਦ ਮੇਰੇ ਮਨ ਵਿਚ ਇਸ ਜੋਗਣ ਨੂੰ ਮਿਲਣ ਦੀ ਚਾਹ ਜਾਗੀ ਤਾਂ ਮੈਂ ਮਹਿਸੂਸ ਕੀਤਾ ਕਿ ਹਰਦਮ ਤਾਜ਼ਾ-ਦਮ ਦਿਸਣ-ਵਿਚਰਣ ਵਾਲੀ ਹਿਰਦੇ ਆਪਣੇ ਦੁੱਖ, ਤਨਾਵ ਅਤੇ ਪੀੜਾਂ ਵਿੱਚੋਂ ਇਕ ਨਾਵਲ ਦਾ ਨਿਰਮਾਣ ਕਰ ਚੁੱਕੀ ਸੀ। ਸ਼ਾਇਦ ਇਕੱਲੀ ਕਵਿਤਾ ਦੀ ਪਨਾਹ ਉਹਦੇ ਦੁੱਖਾਂ ਨੂੰ ਸ਼ਰਨ ਦੇਣ ਲਈ ਛੋਟੀ ਪੈ ਗਈ ਸੀ। ਜਿਸ ਕਰਕੇ ਉਸਨੇ ਸਾਹਿਤ ਦੀ ਵਡੇਰੀ ਵਿਧਾ ਦੀ ਪਨਾਹ ਵਿਚ ਸਕੂਨ ਮਹਿਸੂਸ ਕੀਤਾ। ਮੈਂ ਹੈਰਾਨ ਸਾਂ, ਮੈਂ 'ਹਿਰਦੇ ਮਾਂ ਨੂੰ ਗ਼ੌਰ ਨਾਲ ਵੇਖ ਰਿਹਾ ਸਾਂ ਤੇ ਉਹ ਮੈਨੂੰ ਹੋਰ ਵੀ ਵਿਸ਼ਾਲ ਹਿਮਾਲਾ ਪਰਬਤ ਜਿੱਡੀ ਹੁੰਦੀ ਜਾਂਦੀ ਲੱਗ ਰਹੀ ਸੀ।

ਝੀਲ਼ ਦੇ ਕੰਡੇ ਟਿਕੇ ਮਹੌਲ ਵਿਚ ਉਸ ਨਾਵਲ ਦਾ ਵਾਰਤਕੀ ਵੇਗ਼, ਸ਼ਬਦਾਂ ਨੂੰ ਕਹਾਣੀ ਵਿਚ ਬੁਣਨ ਦੀ ਕਲਾ, ਵੇਖ ਕੇ ਮੈਂ ਹੈਰਾਨ ਹੋਈ ਜਾ ਰਿਹਾ ਸਾਂ ਕਿ ਨਾਵਲ ਤਾਂ ਉਸਦਾ ਵਿਸ਼ਾ-ਵਸਤੂ ਕਦੇ ਵੀ ਨਹੀਂ ਰਿਹਾ ਤੇ ਇਹ ਕੀ ਚਮਤਕਾਰ ਹੋ ਰਿਹਾ ਸੀ? ਮੈਂ ਮੰਤਰ-ਮੁਗ਼ਧ ਹੋਇਆ ਸੁਣ ਰਿਹਾ ਸਾਂ ਉਹ ਨਿਰੰਤਰ ਅਧਿਆਤਮ ਦੀਆਂ ਰਾਂਹਵਾਂ ਦਾ ਪਠਨ ਕਰਦੀ ਜਾ ਰਹੀ ਸੀ। ਵੈਸੇ ਉਹਦੀਆਂ ਗ਼ਜ਼ਲਾਂ ਕਵਿਤਾਵਾਂ ਵਿੱਚੋਂ ਵੀ ਅਧਿਆਤਮ ਦੀਆਂ ਰਾਹਵਾਂ ਦਾ ਅਹਿਸਾਸ ਸੁਣ ਕੇ ਪਾਠਕ ਵਾਹ-ਵਾਹ ਕਰਨੀ ਭੁੱਲ ਕੇ ਮੰਤਰ-ਮੁਗ਼ਧ ਜਿਹੇ ਹੋ ਜਾਂਦੇ ਹਨ। ਉਹਦੀ ਕਵਿਤਾ ਖ਼ਤਮ ਹੋ ਜਾਂਦੀ ਹੈ ਪਰ ਸਰੋਤਿਆਂ ਵਿਚ ਆਨੰਦ ਦਾ ਆਲਮ ਜਿਹਾ ਤਾਰੀ ਹੋਇਆ ਰਹਿੰਦਾ ਹੈ। ਉਹਨਾਂ ਦੇ ਇਸ ਨਾਵਲ ਬਾਰੇ ਸੁਣ ਕੇ ਮੈਂ ਦਿਲੋਂ ਉਤਾਵਲਾ ਹੋ ਉੱਠਿਆ ਕਿ ਹਿਰਦੇ ਜੀ ਇਸਨੂੰ ਪਹਿਲ ਦੇ ਆਧਾਰ 'ਤੇ ਉਚੇਚ ਨਾਲ ਛਪਵਾ ਲੈਣ। ਮੈਂ ਉਹਨਾਂ ਨੂੰ ਬੜੇ ਹੱਕ ਤੇ ਮਾਣ ਨਾਲ ਕਿਹਾ ਕਿ ਤੁਸੀਂ ਇਸਨੂੰ ਛਪਵਾਉਣ ਵਿਚ ਬਿਲਕੁਲ ਵੀ ਦੇਰੀ ਨਾ ਕਰੋ, ਤੁਹਾਡੇ ਇਸ ਨਾਵਲ ਨੇ ਤੁਹਾਡੇ ਅੰਦਰਲੀ ਮੀਰਾ ਨੂੰ ਬਾਹਰ ਲੈ ਆਉਣਾ ਹੈ। ਹਿਰਦੇ ਮਾਂ ਦਾ ਉਤਸਾਹ ਤਾਂ ਵੇਖਿਆਂ ਬਣਦਾ ਸੀ ਪਰ ਉਹ ਤਾਂ ਸਹਿਜ ਦੀ ਮੂਰਤ ਹੈ, ਸਹਿਜ ਵਿਚ ਜਿਉਣਾ ਉਹਨੂੰ ਚੰਗਾ ਲੱਗਦਾ ਹੈ। ਇਸ ਲਈ ਉਹਦਾ ਇਹ ਨਾਵਲ ਸਹਿਜ-ਭਾਅ ਨਾਲ ਪਾਠਕਾਂ ਦੀ ਕਚਹਿਰੀ ਵਿਚ ਹਾਜ਼ਰ ਹੋ ਜਾਵੇਗਾ। ਮੈਂ ਚਾਹਵਾਂਗਾ ਕਿ ਹਿਰਦੇ ਦਾ ਅਧਿਆਤਮ ਦੇ ਰਾਹਵਾਂ 'ਤੇ ਤੁਰਦਾ ਇਹ ਨਾਵਲ ਹਰ ਪਾਠਕ ਜ਼ਰੂਰ ਪੜ੍ਹੇ।

ਵਾਅਦੇ ਅਤੇ ਵਫ਼ਾ ਵਿਚ ਖ਼ਰੀ ਉੱਤਰਣ ਵਾਲੀ ਹਿਰਦੇ ਨਾਲ ਖ਼ਲਾਅ ਅਤੇ ਖ਼ਾਲੀਪਣ ਹਮੇਸ਼ਾਂ ਧੁਰੋਂ ਤੁਰਦਾ ਆਇਆ ਹੈ। ਇਹੀ ਖ਼ਲਾਅ ਉਸਨੂੰ ਜਗਤ ਦੀ ਲੀਲ੍ਹਾ ਤੋਂ ਨਿਰਲੇਪ ਕਰਦਾ ਸਾਧਨਾ ਵਿਚ ਪ੍ਰਪੱਕ ਕਰਦਾ ਜਾਂਦਾ ਹੈ। ਮੰਦਰ-ਗੁਰਦੁਆਰੇ, ਸਾਹਿਤ-ਸਭਾ ਜਾਂ ਕਿਤੇ ਵੀ ਹੋਰ ਕਿਸੇ ਵੀ ਧਰਮ ਦੀ ਸ਼ਮੂਲਤਾ ਵਿਚ ਹਾਜ਼ਰ ਹਿਰਦੇ ਅੰਦਰੂਨੀ ਰਸ ਵਿਚ ਗੁੱਝੀ ਹੋਈ ਆਪਣੇ ਅੰਦਰ ਦੇ ਬ੍ਰਹਿਮੰਡਾਂ ਵਿਚ ਉੱਚੀਆਂ ਉਡਾਰੀਆਂ ਲਾ ਆਉਂਦੀ ਹੈ। ਬਾਹਰਲਾ ਕੀਰਤਨ ਬੇਸ਼ੱਕ ਸਮਾਪਤੀ ਵੱਲ ਵਧ ਰਿਹਾ ਹੁੰਦਾ ਹੈ ਪਰ ਉਹ ਇਸ ਵਿਸਮਾਦੀ ਅਵਸਥਾ ਵਿਚ ਕਿੰਨਾ ਹੀ ਸਮਾਂ ਅਨੰਦ ਵਿਚ ਲੀਨ ਰਹਿ ਲੈਂਦੀ ਹੈ। ਭੌਤਿਕ ਜਗਤ ਦੇ ਧੰਦੂਕਾਰੇ ਵਿਚ ਟਹਿਲਦੀ ਹੋਈ ਵੀ ਉਹ ਕਵਿਤਾ ਤੋਂ ਸ਼ੁਰੂ ਹੋਏ ਸਫ਼ਰ ਨੂੰ ਅਧਿਆਤਮ ਮਾਰਗ ਤੱਕ ਮੱਘਦਾ ਅਤੇ ਸਾਬਤ-ਸਬੂਤਾ ਰੱਖਦੀ ਹੈ। ਉਸਦੀ ਰੂਹਾਨੀ ਅਤੇ ਰੂਮਾਨੀ ਕਵਿਤਾ ਵਿਚ ਵੀ ਅਧਿਆਤਮ ਦਾ ਸ਼ੀਰ ਰਹਿੰਦਾ ਹੈ। ਕਦੀ-ਕਦੀ ਮੈਨੂੰ ਤਾਂ ਉਹ ਜ਼ੋਰਬਾ ਦੀ ਬੁੱਧ ਲੱਗਦੀ ਹੈ ਪਰ ਅੰਦਰੂਨੀ ਤੌਰ ‘ਤੇ ਤਾਂ ਜੋਗਣ ਹੈ-ਮੀਰਾਂ ਹੈ ਪਰ ਉਸਨੇ ਬਾਹਰੀ ਤੌਰ ’ਤੇ ਵੀ ਹੁਣ ਤੱਕ ਮੀਰਾਂ ਹੋ ਜਾਣਾ ਸੀ ਜੇ ਉਸ ਨਾਲ ਇਹ ਨਾ ਵਾਪਰਿਆ ਹੁੰਦਾ-ਘਰਾਂ ਨੇ ਕੀਲਿਆਂ ਏਦਾਂ ਮੁਸਾਫ਼ਿਰ ਹੋਣ ਨਾ ਦਿੱਤਾ।

ਰਹੇ ਨਿੱਕੇ ਜਿਹੇ ਜੇਤੂ ਸਿਕੰਦਰ ਹੋਣ ਨਾ ਦਿੱਤਾ।

(ਗੁਰਤੇਜ ਕੁਹਾਰਵਾਲਾ)

ਹਰ ਮਾਂ ਵਾਂਗ ਉਹ ਵੀ ਆਪਣੇ ਬੱਚਿਆਂ ਦੇ ਹਿਤ ਅਤੇ ਪਿਆਰ ਵਿਚ ਗੁਆਚਦੀ ਹੈ ਇਹ ਤਾਂ ਉਹ ਨਦੀ ਹੈ ਜੋ ਹਿਮਾਲਿਆ ਦੀਆਂ ਬਰਫ਼ਾਂ ਤੋਂ ਪਿਘਲ਼ਦੀ ਨਦੀ ਹੈ ਜੋ ਆਪਣੇ ਰਸਤੇ ਵਿਚ ਆਉਂਦੇ ਜੰਗਲਾਂ-ਬੇਲਿਆਂ, ਪਹਾੜਾਂ, ਚਟਾਨਾਂ ਦੀ ਆਕੜ ਨੂੰ ਪਾਰ ਕਰਦੀ ਆਪਣੇ ਸਹਿਜ ਵੇਗ਼ ਨਾਲ ਸਮੁੰਦਰ ਵੱਲ ਵੱਧਦੀ ਚਲੀ ਜਾਂਦੀ ਹੈ। ਉਹ ਆਪਣੇ ਪਤੀ ਸ. ਹਿਰਦੇਪਾਲ ਸਿੰਘ ਮੱਕੜ ਹੁਰਾਂ ਦੇ ਪਿਆਰ ਅਤੇ ਅਸ਼ੀਰਵਾਦ ਨੂੰ ਕਦੇ ਵੀ ਲਾਂਭੇ ਨਹੀਂ ਹੋਣ ਦਿੰਦੀ। ਪਤੀ ਰੂਪੀ ਪ੍ਰਮਾਤਮਾ ਦਾ ਸਾਇਆ ਹਰ ਵਕਤ ਉਹਦੀ ਆਤਮਾ ਦੇ ਨਾਲ ਸਫ਼ਰ ਕਰਦਾ ਹੈ। ਗੁਰਬਾਣੀ ਪ੍ਰੇਮ ਤੋਂ ਕਵਿਤਾ ਅਤੇ ਕਵਿਤਾ ਤੋਂ ਫਿਰ ਅਧਿਆਤਮ ਦੇ ਰਾਹਾਂ ਅਤੇ ਆਪਣੇ ਸਵੈ-ਸ਼ਨਾਖ਼ਤ ਦੀ ਪੈੜ ਨੱਪਦੀ ਹਿਰਦੇ ਮਾਂ ਆਪਣੇ ਅੰਦਰ ਵੱਲ ਹਮੇਸ਼ਾਂ ਮੁਕਤੀ ਦੇ ਰਾਹਾਂ ’ਤੇ ਤੁਰੇ। ਇਸੇ ਦੁਆ ਨਾਲ ਆਮੀਨ!!!!!

**ਸਵਾਮੀ ਅਨੰਦ ਅਲੋਕ, ਧੂਰੀ**

ਮੋਬ: 88727-45938

*******

## ਦੋ ਬੋਲ ਸ਼ੁਕਰ-ਗੁਜ਼ਾਰਤਾ ਦੇ

ਮੈਂ ਦਿਲ ਦੀਆਂ ਗਹਿਰਾਈਆਂ ਤੋਂ ਬੇਹੱਦ ਸ਼ੁਕਰਗੁਜ਼ਾਰ ਹਾਂ ਤ੍ਰੈ-ਭਾਸ਼ੀ ਗ਼ਜ਼ਲ ਉਸਤਾਦ ਸਰਦਾਰ ਪੰਛੀ ਜੀ ਦੀ ਜਿਨ੍ਹਾਂ ਨੇ ਮੈਨੂੰ ਗ਼ਜ਼ਲ ਦੀ ਚੇਟਕ ਲਾਈ।

ਮੈਂ ਦਿਲ ਦੀਆਂ ਅਤਿਅੰਤ ਗਹਿਰਾਈਆਂ 'ਚੋਂ ਧੰਨਵਾਦੀ ਹਾਂ ਅਗਾਂਹ-ਵਧੂ ਗ਼ਜ਼ਲ ਉਸਤਾਦ ਸੁਲੱਖਣ ਸਰਹੱਦੀ ਜੀ ਦੀ ਜਿਨ੍ਹਾਂ ਦੀ ਕਦਮ-ਬ-ਕਦਮ ਸੁਯੋਗ ਅਗਵਾਈ, ਸੁਹਿਰਦ ਪ੍ਰੇਰਨਾ ਅਤੇ ਉਤਸ਼ਾਹਿਤ ਬੋਲਾਂ ਸਦਕਾ ਮੈਂ ਇਸ ਗ਼ਜ਼ਲ ਪੁਸਤਕ ਦੀ ਸੰਪਾਦਨਾਂ ਕਰਨ ਲਈ ਇਕਾਗਰ ਚਿੱਤ ਹੋ ਕੇ ''ਪਿਘਲ਼ਦੀ ਨਦੀ'' ਗ਼ਜ਼ਲ ਸੰਗ੍ਰਹਿ ਨੂੰ ਨੇਪਰੇ ਚਾੜ੍ਹ ਸਕੀ।

ਮੈਂ ਅਤਿਅੰਤ ਧੰਨਵਾਦੀ ਹਾਂ ਸਿਰੀ ਰਾਮ ਅਰਸ਼ ਜੀ ਦੀ ਜਿਨ੍ਹਾਂ ਨਾਲ ਗ਼ਜ਼ਲ ਸੰਬੰਧੀ ਦੋਸਤਾਨਾਂ ਰਹਿਨੁਮਾਈ ਦੁਰਾਨ ਗ਼ਜ਼ਲ ਦੇ ਹੋਰ ਵੀ ਅਹਿਮ ਅਤੇ ਬਰੀਕ ਨੁਕਤਿਆਂ ਦੀ ਗਾਹੇ-ਬਗਾਹੇ ਸਮਝ ਪੈਂਦੀ ਰਹੀ। ਕਿਉਂਕਿ ਮੈਂ ਉਹਨਾਂ ਦੀ ਗ਼ਜ਼ਲ ਦੇ ਰੂਪਕ ਪੱਖ ਸੰਬੰਧੀ ਬਰੀਕ-ਬੀਨੀ ਨਾਲ ਕੀਤੀ ਜਾਂਦੀ ਛਾਣ-ਬੀਣ ਕਰਨ ਦੀ ਵਿਧਾ ਅਤੇ ਲਿਆਕਤ ਤੋਂ ਅਤਿ-ਅੰਤ ਮੁਤਾਸਰ ਹਾਂ। ਪ੍ਰੰਤੂ ਉਹ ਉਸਤਾਦ ਬਣ ਕੇ ਬਹੁਤ ਸ਼ਾਗਿਰਦ ਬਨਾਉਣ ਦੀ ਹੋੜ ਵਿਚ ਰੁੱਝੇ ਹੋਏ ਨਹੀਂ ਹਨ।

ਮੈਂ ਅਤਿ-ਅੰਤ ਰਿਣੀ ਹਾਂ ਸ਼੍ਰੀ ਸਵਾਮੀ ਅਨੰਦ ਅਲੋਕ ਧੂਰੀ ਜੀ ਦੀ ਜਿਸਨੇ ਕਿ ਸਮੇਂ-ਸਮੇਂ 'ਤੇ ਜਦੋਂ ਵੀ ਮੈਂ ਕਿਤੇ ਵੇਦਨਾ-ਗ੍ਰਸਤ ਹੁੰਦੀ ਡੋਲ ਜਾਂਦੀ ਤਾਂ ਉਸਦੇ ਪੁੱਤਰਾਂ ਵਰਗੇ ਸਾਂਤ-ਵੰਨੇ ਦੇ ਬੋਲ ਮੈਨੂੰ ਜਿਉਣ ਜੋਗੀ ਕਰ ਦਿੰਦੇ। ਮੈਂ ਮਨ ਦੀ ਗਹਿਰੀਆਂ ਵੇਦਨਾਵਾਂ ਵਿੱਚੋਂ ਪਾਰ ਪਾ ਲੈਂਦੀ। ਉਹ ਅਧਿਆਤਮ ਦੀਆਂ ਰਾਹਵਾਂ ਦਾ ਸਾਧਾਰਣ ਕੱਪੜਿਆਂ ਵਾਲਾ ਜੋਗੀ ਜਦੋਂ ਮੈਨੂੰ 'ਹਿਰਦੇ ਮਾਂ' ਕਹਿ ਕੇ ਸੰਬੋਧਨ ਕਰਦਾ ਹੈ ਤਾਂ ਮੇਰੀ ਅੰਤਰ-ਆਤਮਾ ਵਿਚ ਸਹਿਕਦੀ ਮਮਤਵ ਭਰੀ ਵੇਦਨਾ ਨੂੰ ਕੁਛ ਰਾਹਤ ਮਿਲਦੀ ਹੈ। ਮੇਰੀ ਰੂਹ ਵਿਚ ਰੁਕਿਆ ਹੋਇਆ ਮਮਤਵ ਵੇਗ਼ ਜੋ ਕਿ ਸੀਨੇ ਵਿਚ ਸੱਲ ਬਣ ਗਿਆ ਹੈ, ਪਿਘ਼ਲਦਾ ਮਹਿਸੂਸ ਹੁੰਦਾ ਹੈ। ਜਦੋਂ-ਜਦੋਂ ਮੇਰੀ ਵਿਯੋਗੀ ਮਮਤਾ ਆਹਤ ਹੁੰਦੀ ਹੈ ਤਾਂ ਉਹ ਸੱਲ ਫਿਰ ਹਰਾ ਹੋ ਜਾਂਦਾ ਹੈ ਤਾਂ ਉਸ ਸੱਲ ਦੀ ਵੇਦਨਾ ਮੇਰੇ ਲਈ ਅਸਹਿਣ-ਸ਼ੀਲ ਹੁੰਦੀ ਹੈ। ਉਸਦਾ ਮੋਹ ਨਾਲ ਮੈਨੂੰ ਮਾਂ ਕਹਿਣਾ ਸੀਨੇ ਦੇ ਸੱਲ ਲਈ ਮੱਲ੍ਹਮ ਦਾ ਕੰਮ ਕਰ ਜਾਂਦਾ ਹੈ। ਜਦੋਂ ਮੈਂ ਬਹੁਤ ਦੁਖੀ ਹੋਵਾਂ ਤਾਂ ਜਿੱਥੇ ਮੇਰੀ ਮਮਤਾ ਮੇਰੇ ਗੋਦ ਲਏ ਪੁੱਤਰ ਲਈ ਤੜਫ਼ਦੀ ਹੈ ਉੱਥੇ ਹੀ ਸੁਤੇ-ਸਿੱਧ ਹੀ ਮੈਨੂੰ ਸਵਾਮੀ ਪੁੱਤਰ ਦੀ

ਯਾਦ ਆ ਜਾਂਦੀ ਹੈ। ਇਸ ਵਾਰ ਵੀ ਇੰਜ ਹੀ ਹੋਇਆ। ਉਹਦੇ ਜੰਗਲਾਂ ਵਿਚ ਹੋਣ ਦਾ ਆਭਾਸ ਮੈਨੂੰ ਹੋ ਜਾਂਦਾ ਹੈ। ਮੈਂ ਇਸ ਕਿਤਾਬ ਦਾ ਉਸਦਾ ਲਿਖ ਕੇ ਮੇਲ ਭੇਜਿਆ ਹੋਇਆ ਮੇਰਾ ਰੇਖਾ-ਚਿੱਤਰ ਉਹਨੂੰ ਪੜ੍ਹ ਕੇ ਸੁਣਾਉਣਾ ਸੀ ਪਰ ਮੈਨੂੰ ਨੇਪਾਲ/ਹਰਿਦੁਆਰ ਦੇ ਜੰਗਲਾਂ ਵਿਚ ਉਸਦੇ ਹੋਣ ਦੀ ਸੋਅ ਆਉਂਦੀ ਰਹਿੰਦੀ ਸੀ। ਕੱਲ੍ਹ ਮੈਂ ਫਿਰ ਕਿਸੇ ਗੱਲੋਂ ਅਤਿ-ਅੰਤ ਮਾਮੇਤਵ-ਵੇਦਨਾਂ ਨਾਲ ਪੀੜਿਤ ਹੋਈ-ਹੋਈ ਸਾਂ। ਮੈਨੂੰ ਉਸਦਾ ਨੰਬਰ ਕਿਤੇ ਲਿਖਿਆ ਨਜ਼ਰੀਂ ਪਿਆ ਤਾਂ ਉਹਦੀ ਹੋਂਦ ਮੈਨੂੰ ਧੂਰੀ ਮਹਿਸੂਸ ਹੋਈ ਤਾਂ ਮੈਂ ਅਚਾਨਕ ਉਸਦਾ ਨੰਬਰ ਮਿਲਾ ਲਿਆ। ਕਿਉਂਕਿ ਪਿਛਲੇ ਸਮੇਂ ਦੌਰਾਨ ਮੇਰੇ ਦੋਂਵੇਂ ਫੋਨ ਗੁਆਚ ਗਏ ਸਨ। ਜਿਸ ਕਰਕੇ ਸਾਰੇ ਲਿੰਕ ਆਊਟ ਆਫ ਹੋ ਗਏ ਸਨ। ਵੈਸੇ ਤਾਂ ਉਹ ਆਪ ਹੀ ਬਹੁਤੀ ਵਾਰੀ ਸਾਲ-ਛਿਮਾਹੀ ਪਿੱਛੋਂ ਬੜੇ ਹੀ ਉਤਸ਼ਾਹ ਅਤੇ ਉਮਾਹ ਨਾਲ ਫੋਨ ਕਰ ਲੈਂਦਾ ਹੈ। ਪਰ ਇਹੀ ਇੰਸੀਡੈਂਸ ਅੱਗੇ ਵੀ ਇਕ ਵਾਰੀ ਹੋਇਆ ਸੀ ਕਿ ਉਹਦਾ ਸਾਲ ਕੁ ਫੋਨ ਕੋਈ ਨਾ ਆਇਆ ਤੇ ਇਕ ਦਿਨ ਮੈਂ ਐਂਵੇਂ ਈ ਉਹਦਾ ਫੋਨ ਮਿਲਾ ਲਿਆ ਤਾਂ ਉਦੋਂ ਵੀ ਦੋ ਕੁ ਦਿਨ ਪਹਿਲਾਂ ਹੀ ਉਹ ਜੰਗਲਾਂ ਤੋਂ ਪਰਤਿਆ ਸੀ ਤੇ ਕਹਿਣ ਲੱਗਾ ਕਿ ਤੁਹਾਨੂੰ ਕਿਵੇਂ ਪਤਾ ਲੱਗਿਆ ਕਿ ਮੈਂ ਆ ਗਿਆਂ? ਵੈਸੇ ਮੈਂ ਵੀ ਫੋਨ ਕਰਨ ਬਾਰੇ ਸੋਚ ਹੀ ਰਿਹਾ ਸਾਂ। ਪਰ ਇਸ ਵਾਰ ਤਾਂ ਉਹ ਕੁਛ ਬਹੁਤਾ ਹੀ ਹੈਰਾਨ ਸੀ, ਨਮਸ਼ਕਾਰ ਹਿਰਦੇ ਮਾਂ, ਪੈਰੀਂ ਪੈਣਾਂ ਕਹਿ ਕੇ ਉਹ ਬੋਲਿਆ ਕਿ ਸੱਚੀ ਦੱਸੋ ਤੁਹਾਨੂੰ ਕਿਵੇਂ ਪਤਾ ਲੱਗ ਜਾਂਦਾ ਹੈ ਕਿ ਮੈਂ ਵਾਪਸ ਏਧਰ ਆ ਗਿਆ ਹਾਂ, ਅਜੇ ਮੈਂ ਕੱਲ੍ਹ ਹੀ ਤਾਂ ਆਇਆ ਹਾਂ ਤੇ ਇਸ ਵਾਰ ਤੁਹਾਡਾ ਫੋਨ ਵੀ ਆ ਗਿਆ। ਅੱਜ ਫੇਰ ਮੇਰੀ ਹਿਰਦੇ ਮਾਂ ਬੜੀ ਵੇਦਨਾ-ਗ੍ਰਸਤ ਪ੍ਰਤੀਤ ਹੋ ਰਹੀ ਹੈ ਤੇ ਉਹ ਇੱਕੋ-ਸਾਹੇ ਇਹ ਲਾਇਨਾਂ ਕਹਿੰਦਾ ਚਲਾ ਗਿਆ। ਜੋ ਸੱਚ-ਮੁੱਚ ਮੇਰੇ ਅੰਦਰ ਦੀ ਵੇਦਨਾ ਦਾ ਪ੍ਰਤੀ-ਰੂਪ ਹਨ।-

ਅੱਜ ਫੇਰ ਤੇਰੀ ਮਮਤਾ ਨੂੰ ਕੋਈ ਛਲ਼ ਗਿਆ ਹੋਣੈਂ।
ਸੀਨੇ ਦਾ ਉਹ ਸੱਲ ਤੇਰਾ ਫਿਰ ਬਲ਼ ਗਿਆ ਹੋਣੈਂ।
ਇਹ ਜੋ ਸਿੱਲ-ਪੱਥਰ ਨੇ ਕਿਸੇ ਦੇ ਹੋ ਨਹੀਂ ਸਕਦੇ,
ਮਾਮੇਕੁਮ ਹਿਰਦੇ ਮਾਂ ਦਾ ਅੰਦਰੇ ਰਲ਼ ਗਿਆ ਹੋਣੈਂ।
ਤੇਰੇ ਅੱਥਰੂ ਵੀ ਕਿਸੇ ਨੂੰ ਤੇਜ਼ਾਬ ਜਿਹੇ ਲੱਗੇ ਹੋਵਣਗੇ,
ਮਮਤਾ ਦਾ ਜਾਂ ਹੰਝੂ ਤੇਰਾ ਪੱਥਰ 'ਚ ਢਲ਼ ਗਿਆ ਹੋਣੈਂ।

"ਪਿਘਲਦੀ ਨਦੀ" ਦੀਆਂ ਮੇਰੀਆਂ ਗ਼ਜ਼ਲਾਂ ਵੀ ਕੁਛ ਕੁ ਨੂੰ ਛੱਡ ਕੇ ਬਹੁਤੀਆਂ 2010 ਤੋਂ ਲੈ ਕੇ ਸਾਲ 13-14 ਤੱਕ ਲਿਖੀਆਂ ਗਈਆਂ ਹਨ। 2012 ਦੇ ਅਖ਼ੀਰ ਤੱਕ ਮੇਰੀਆਂ ਦੋਵੇਂ ਕਿਤਾਬਾਂ ਮੈਂ ਛਪਣ ਵਾਸਤੇ ਦੇ ਚੁੱਕੀ ਸਾਂ। ਉਸ ਤੋਂ ਬਾਅਦ ਮੇਰਾ ਅੰਨ-ਜਲ ਚੰਡੀਗੜ੍ਹ ਤੋਂ ਲੁਧਿਆਣਾ ਅਤੇ ਲੁਧਿਆਣਾ ਤੋਂ ਚੰਡੀਗੜ੍ਹ ਦੇ ਫੇਰ ਵਿਚ ਮੈਨੂੰ ਪਾਉਂਦਾ ਰਿਹਾ। ਅੰਨ-ਜਲ ਪੱਖੋਂ

ਹਾਲਾਤ ਹੁਣ ਵੀ ਵੈਸੇ ਹੀ ਹਨ। ਕਿਉਂਕਿ ਤਕਦੀਰ ਦੇ ਪੈਰੋਂ ਚੱਕਰ ਕਦੇ ਖ਼ਤਮ ਨਹੀਂ ਹੋਇਆ। ਵਿੱਧ-ਮਾਤਾ ਨੇ ਜਦੋਂ ਅੰਨ-ਜਲ ਵੰਡਿਆ ਹੋਣੈਂ ਤਾਂ ਮੇਰੇ ਵਾਰੀ ਵੀ ਉਹਨੇ ਛੱਟਾ ਈ ਦਿੱਤਾ ਹੋਣੈ ਤੇ ਛੱਟਾ ਵੀ ਉਹਨੇ ਹਿਮਾਲਿਆ ਤੇ ਖੜ੍ਹੀ ਨੇ ਹੀ ਦੇ ਦਿੱਤਾ ਹੋਣੈ। ਸੋ ਜ਼ਿੰਦਗੀ ਦੀਆਂ ਉਦਾਸੀਆਂ ਕੱਟਦਿਆਂ ਉਮਰ ਦਾ ਤੀਜਾ ਪਹਿਰ ਸ਼ੁਰੂ ਹੋਣ ਵਾਲਾ ਹੈ। ਪੁਰਾਣੇ ਹੋਏ ਕੱਪੜਿਆਂ ਦੀ ਉਤਰਣ ਦੀ ਤਰ੍ਹਾਂ ਬੜਾ ਕੁਛ ਪਿੱਛੇ ਰਿਹਾ। ਜ਼ਿੰਦਗੀ ਦੇ ਸਫ਼ਰ ਵਿਚ ਹਾਦਸਿਆਂ ਰੂਪੀ ਨਵੇਂ ਤ੍ਰੇਵਰ ਉਮਰਾਂ ਦਾ ਸਰਮਾਇਆ ਬਣ ਮੈਨੂੰ ਨਿਖਾਰਦੇ, ਸੰਵਾਰਦੇ ਅਤੇ ਸ਼ਬਦਾਂ ਦੇ ਜੇਵਰ ਪਹਿਨਾਉਂਦੇ ਰਹੇ।

ਚੰਡੀਗੜ੍ਹ ਆ ਜਾਣ ਕਾਰਨ ਮੈਂ ਪੰਛੀ ਸਾਹਿਬ ਨਾਲ ਬਹੁਤਾ ਰਾਬਤਾ ਨਾ ਰੱਖ ਸਕੀ ਅਤੇ ਗ਼ਜ਼ਲ ਦੀ ਸਹੀ ਅਗਵਾਨੀ ਨਾ ਮਿਲਣ ਕਾਰਨ ਗ਼ਜ਼ਲ ਵਿਚ ਬਹੁਤ ਪੱਛੜ ਗਈ ਹਾਂ। ਆਪਣੇ-ਆਪ ਗ਼ਜ਼ਲ ਦੀਆਂ ਕਿਤਾਬਾਂ ਨਾਲ ਮੱਥਾ ਮਾਰਦਿਆਂ ਸਾਹਿਤ ਦੀਆਂ ਹੋਰ ਵਿਧਾਵਾਂ ਦੇ ਕਾਰਜ ਵਿਚ ਵੀ ਮਨਚਾਹਿਆ ਕੰਮ ਨਹੀਂ ਕਰ ਸਕੀ। ਤਾਂ ਕਰਕੇ ਮੈਂ ਕੁਛ ਸਮਾਂ ਇਸ ਵਿਧਾ ਵੱਲੋਂ ਉਪਰਾਮ ਅਤੇ ਉਦਾਸ ਜਿਹੀ ਵੀ ਹੋ ਗਈ ਸਾਂ। ਇਸ ਸਮੇਂ ਦੌਰਾਨ ਮੈਂ ਜ਼ਿਆਦਾਤਰ ਹੋਰ ਵਿਧਾਵਾਂ ਵਿਚ ਲਿਖਦੀ-ਪੜ੍ਹਦੀ ਰਹੀ। ਖ਼ਾਲੀ ਸਮੇਂ ਅਤੇ ਮਨ ਦੀ ਗ਼ਜ਼ਲ ਵੱਲੋਂ ਉਪਰਾਮਤਾ ਨੂੰ ਪੂਰਨ ਵਾਸਤੇ 'ਦੇਸ਼ ਸੇਵਕ' ਅਖ਼ਬਾਰ ਦੀਆਂ ਬਹੁਤ ਸਾਰੀਆਂ ਕਿਤਾਬਾਂ ਦੇ ਰਿਵਿਊ ਵੀ ਇਸ ਸਮੇਂ ਦੌਰਾਨ ਹੀ ਲਿਖੇ।

ਪਰ ਕਵਿਤਾ ਤਾਂ ਮੇਰੀ ਰੂਹ ਦੀ ਸਿਨਫ਼ ਹੈ। ਉੱਪਰੋਂ ਮੁਸੀਬਤ ਇਹ ਸੀ ਕਿ ਹੁਣ ਜੋ ਕੁਛ ਵੀ ਆਮਦ ਵਿਚ ਆਉਂਦਾ ਉਹ ਗ਼ਜ਼ਲ ਦਾ ਹੀ ਰੂਪ ਲੈ ਕੇ ਆਉਂਦਾ ਰਿਹਾ। ਕਵਿਤਾ ਪੱਖੋਂ ਮੈਂ ਬੜੀ ਪ੍ਰੇਸ਼ਾਨ ਜਿਹੀ ਹੋ ਗਈ ਸਾਂ ਕਿਉਂਕਿ, ਮੇਰਾ ਤਾਂ ਰੂਹ-ਏ-ਰੂਹਾਨ ਵੀ ਕਵਿਤਾ ਵਿਚ ਹੀ ਹੁੰਦਾ ਹੈ। ਗ਼ਜ਼ਲ ਦੇ ਮੁਫ਼ਤਲਿਫ਼ ਸ਼ਿਅਰ ਰੂਹ-ਏ-ਰੂਹਾਨ ਲਈ ਨਾ-ਕਾਫ਼ੀ ਵਿਧਾ ਹੈ। ਕਵਿਤਾ ਉਸ ਲਈ ਹਾਣ ਦੀ ਤਾਂ ਨਹੀਂ ਹੋ ਨਿੱਬੜਦੀ ਪਰ ਮਨ ਦੇ ਮਕਤਲ ਵਿਚ ਮਸੀਹਾ ਬਣ ਕੇ ਜ਼ਰੂਰ ਬਹੁੜਦੀ ਹੈ ਤੇ ਰੂਹ ਨੂੰ ਦੁਨਿਆਵੀ ਵੇਦਨਾਵਾਂ ਵਿਚ ਜ਼ਿਬਾਹ ਹੋਣ ਤੋਂ ਬਚਾ ਲੈਂਦੀ ਹੈ। ਇਕ ਵਾਰ ਰੂਹ-ਏ-ਰੂਹਾਨ ਕਰਦਿਆਂ ਮਨੋਂ ਇਹ ਇਲਤਜ਼ਾ ਨਿਕਲੀ ਕਿ ਹੇ ਪਰਮ-ਸ਼ਕਤੀ ਜੇ ਤੂੰ ਮੈਨੂੰ ਗ਼ਜ਼ਲ ਦੀ ਵਿਧਾ ਨਾਲ ਵੀ ਨਿਵਾਜ਼ਿਆ ਹੀ ਹੈ ਤਾਂ ਫਿਰ ਇਸਦੇ ਸੰਪੂਰਨ ਗਿਆਨ ਪ੍ਰਾਪਤੀ ਦੀ ਵੀ ਕੋਈ ਬਿਧ ਬਣਦੀ ਕਰ ਦਿਓ। ਮੇਰੀ ਅਰਦਾਸ ਦੀ ਖ਼ਾਤਰ ਹੀ ਸ਼ਾਇਦ ਇਹ ਸਬੱਬ ਬਣਿਆਂ ਕਿ ਕ੍ਰਿਸ਼ਮਾ ਇਹ ਹੋਇਆ ਕਿ ਇਕ ਦਿਨ ਸੰਧੂ ਸਾਹਿਬ ਦਾ ਅਚਾਨਕ ਫੋਨ ਆਇਆ। ਹਾਲ-ਚਾਲ ਤੋਂ ਇਲਾਵਾ ਉਹਨਾਂ ਕਿਹਾ ਕਿ ਮੈਂ ਅਗਲੇ ਛੇ ਮਹੀਨਿਆਂ ਤੱਕ ਮੋਹਾਲੀ ਸ਼ਿਫ਼ਟ ਕਰ ਜਾਣਾ ਹੈ ਤਾਂ ਮੇਰੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਕਿ ਉਹਨਾਂ ਦੇ ਗ਼ਜ਼ਲ ਸਕੂਲ ਵਿਚ ਗ਼ਜ਼ਲ ਦੀ ਅਕੈਡਮਿਕ ਤਕਨੀਕ ਸਿੱਖਾਂਗੀ। ਸੰਧੂ

ਸਾਹਿਬ ਦਾ ਦਕੋਹਾ ਤੋਂ ਪਲਾਇਨ ਕਰਕੇ ਮੋਹਾਲੀ ਆਉਣਾ ਮੇਰੀ ਖ਼ੁਸ਼-ਕਿਸਮਤੀ ਦਾ ਬਾਇਸ ਬਣਿਆਂ। ਸੋ ਮੈਂ ਤਹਿ-ਦਿਲੋਂ ਧੰਨਵਾਦੀ ਹਾਂ ਉਸਤਾਦ ਗ਼ਜ਼ਲਗੋ ਅਮਰਜੀਤ ਸਿੰਘ ਸੰਧੂ ਜੀ ਦੀ ਜਿੰਨ੍ਹਾਂ ਦੇ ਸੰਧੂ ਗ਼ਜ਼ਲ ਸਕੂਲ ਦੀਆਂ ਮੋਹਾਲੀ ਵਿਖੇ 2015 ਦੀਆਂ ਗ਼ਜ਼ਲ ਸਿਖਲਾਈ ਦੀਆਂ ਕਲਾਸਾਂ ਲਗਾ ਕੇ ਮੈਨੂੰ ਗ਼ਜ਼ਲ ਸੰਬੰਧੀ ਡੂੰਘਾ ਗਿਆਨ ਹਾਸਲ ਕਰਨ ਦਾ ਮੌਕਾ ਮਿਲ ਸਕਿਆ। ਉਹਨਾਂ ਦੀ ਰਹਿਨੁਮਾਈਂ ਅਨੁਸਾਰ ਉਸ ਛੇ ਮਹੀਨੇ ਦੌਰਾਨ ਮੈਂ ਉਹਨਾਂ ਦੀ ਗ਼ਜ਼ਲ ਦੀ ਵਿਆਕਰਣ ਵਾਲੀ ਕਿਤਾਬ "ਆਓ ਗ਼ਜ਼ਲ ਸਿੱਖੀਏ" ਅਤੇ ਹੋਰ ਵਿਦਵਾਨਾਂ ਦੀਆਂ ਵੀ ਕਿਤਾਬਾਂ ਨਿੱਠ ਕੇ ਪੜ੍ਹੀਆਂ ਹੀ ਨਹੀਂ ਸਗੋਂ ਉਹਨਾਂ ਦਾ ਬੜੀ ਗਹਿਰਾਈ ਅਤੇ ਬਰੀਕ-ਬੀਨੀ ਨਾਲ ਅਧਿਐਨ ਅਤੇ ਚਿੰਤਨ-ਮਨਨ ਕੀਤਾ।

ਤੀਜੀ ਵਾਰੀ ਫਿਰ ਉਸ ਕਿਤਾਬ ਨੂੰ ਕਲਾਸਾਂ ਲੱਗਣ ਦੇ ਦੌਰਾਨ ਪੜ੍ਹਿਆ। ਇਸ ਲਈ 2012 ਤੋਂ ਲੈ ਕੇ 2017 ਤੱਕ ਮੇਰੀ ਕੋਈ ਕਿਤਾਬ ਪਬਲਿਸ਼ ਨਹੀਂ ਹੋ ਸਕੀ। ਕਿਉਂਕਿ ਇਸ ਸਮੇਂ ਦੌਰਾਨ ਭਾਂਵੇਂ ਮੈਂ ਲਿਖ ਤਾਂ ਬਹੁਤ ਕੁਛ ਲਿਆ ਹੋਣੈਂ ਪਰ ਮੇਰਾ ਸੰਪੂਰਨ ਧਿਆਨ ਉਸਤਾਦਾਂ ਦੀਆਂ ਗ਼ਜ਼ਲ ਵਿਆਕਰਣ ਦੀਆਂ ਕਿਤਾਬਾਂ ਦਾ ਅਧਿਐਨ ਕਰਨ ਉਪਰ ਹੀ ਕੇਂਦ੍ਰਤ ਰਿਹਾ।

ਮੇਰੀ ਇਹ ਵੀ ਖ਼ੁਸ਼-ਕਿਸਮਤੀ ਰਹੀ ਕਿ ਪਿੱਪਲਾਂ-ਬੋਹੜਾਂ ਦਾ ਖ਼ਿਤਾਬ ਪਾ ਚੁੱਕੇ ਇਹਨਾਂ ਉਸਤਾਦ ਲੋਕਾਂ ਦੀ ਗਾਹੇ-ਬਗਾਹੇ ਛਾਂ ਵਿਚ ਬੈਠਣ ਅਤੇ ਇਹਨਾਂ ਦੀ ਸੰਗਤ ਮਾਨਣ ਦਾ ਮੌਕਾ ਮਿਲਦਾ ਰਹਿੰਦਾ ਹੈ। ਗਿਆਨ ਦੀ ਕਣੀ ਜਿੱਥੋਂ ਵੀ ਮਿਲ ਜਾਵੇ ਮੈਂ ਪ੍ਰਾਪਤ ਕਰਨ ਲਈ ਆਪਣੀ ਵੱਡੀ ਝੋਲ਼ੀ ਫ਼ੈਲਾਅ ਲੈਂਦੀ ਹਾਂ। ਮੇਰਾ ਇਸ ਗੱਲ ਵਿਚ ਪ੍ਰਪੱਕ ਵਿਸ਼ਵਾਸ ਹੈ ਕਿ ਚੰਗੇ ਤੇ ਗੁਣਵਾਨ ਲੋਕਾਂ ਦੀ ਸੰਗਤ ਮਨੁੱਖ ਨੂੰ ਮਹਾਨ ਬਨਾਉਣ ਲਈ ਬਿਲਕੁੱਲ ਉਹੋ ਜਿਹਾ ਹੀ ਕਾਰਜ਼ ਕਰਦੀ ਹੈ ਜਿਵੇਂ ਕਿ ਚੰਗੀਆਂ ਕਿਤਾਬਾਂ ਮਨੁੱਖ ਦੇ ਜੀਵਨ ਵਿਚ ਅਦਰਸ਼ਕ ਰੋਲ਼ ਅਦਾ ਕਰਦੀਆਂ ਹਨ। ਮਹਾਨ ਸ਼ਖ਼ਸੀਅਤ ਦੇ ਸੰਪਰਕ ਵਿਚ ਲਿਆਉਣ ਦੇ ਕਾਰਜ਼ ਲਈ ਵਿਰੋਧੀ ਧਿਰਾਂ ਬਖ਼ੂਬੀ ਰੋਲ਼ ਅਦਾ ਕਰਦੀਆਂ ਰਹਿੰਦੀਆਂ ਹਨ। ਉਸ ਲਈ ਮੈਨੂੰ ਕਦੀ ਵੀ ਕੋਈ ਵਿਸ਼ੇਸ਼ ਉਚੇਚ ਨਹੀਂ ਕਰਨੀ ਪਈ। ਮੈਨੂੰ ਜਦੋਂ ਕਿਸੇ ਵੀ ਕੰਮ ਦਾ ਵਿਗੋਚਾ ਅਤੇ ਤੋਟ ਦੀ ਸ਼ਿੱਦਤ ਦੀ ਹੱਦ ਤੱਕ ਤੜਫ਼ ਜਿਹੀ ਹੁੰਦੀ ਹੈ ਤਾਂ ਮੈਂ ਬਸ ਪਰਮ ਸ਼ਕਤੀ ਅੱਗੇ ਕਦੋਂ ਦੁਆ-ਗੋ ਹੋ ਜਾਂਦੀ ਹਾਂ ਮੈਨੂੰ ਖ਼ੁਦ ਨੂੰ ਹੀ ਪਤਾ ਨਹੀਂ ਹੁੰਦਾ। ਫਿਰ ਬਾਕੀ ਕਾਰਜ਼ ਕਰਨ ਲਈ ਹੱਦ ਅਤੇ ਅਨਹੱਦ ਦੀਆਂ ਸਾਰੀਆਂ ਸ਼ਕਤੀਆਂ ਕਾਰਜ਼ ਕਰਨ ਵਿਚ ਲੱਗ ਜਾਂਦੀਆਂ ਹਨ। ਉਸ ਪਰਮ-ਪ੍ਰਕਾਸ਼ ਦੀਆਂ ਇਹਨਾਂ ਪਰਮ-ਸ਼ਕਤੀਆਂ ਨੂੰ ਮੇਰਾ ਕੋਟਿਨ-ਕੋਟਿ ਪ੍ਰਣਾਮ ਅਤੇ ਗ਼ਜ਼ਲ ਗਿਆਨ ਦਾ ਪ੍ਰਕਾਸ਼ ਫ਼ੈਲਾਉਂਦੇ ਇਹਨਾਂ ਮਹਾਨ ਉਸਤਾਦਾਂ ਨੂੰ ਮੇਰੀ ਤਹਿ-ਦਿਲੋਂ ਚਰਨ-ਬੰਦਨਾਂ।

ਤਹਿ-ਦਿਲੋਂ ਧੰਨਵਾਦੀ ਹਾਂ ਮੇਰੇ ਪਿਆਰੇ ਪਾਠਕਾਂ ਦੀ ਜਿੰਨ੍ਹਾਂ ਨੇ ਮੇਰੀਆਂ ਪਹਿਲੀਆਂ ਪੰਜ ਕਿਤਾਬਾਂ ਦਾ ਵੀ ਤਹਿ-ਦਿਲੋਂ ਸਵਾਗਤ ਕੀਤਾ ਅਤੇ ਉਹਨਾਂ ਦਾ ਗਹਿਨ ਚਿੰਤਨ ਵੀ ਕੀਤਾ। ਆਸ ਕਰਦੀ ਹਾਂ ਕਿ ਆਪ ਸਭ ਮੇਰੀ ਇਸ ਗ਼ਜ਼ਲ ਕਿਤਾਬ ਦਾ ਵੀ ਸਵਾਗਤੀ ਭਾਵ ਨਾਲ ਇੰਤਜ਼ਾਰ ਕਰ ਰਹੇ ਹੋਵੋਗੇ। ਆਪ ਜੀ ਦੇ ਪਿਆਰ-ਸਤਿਕਾਰ ਲਈ ਆਪ ਜੀ ਦੀ ਕਚਹਿਰੀ ਵਿਚ ਹਾਜ਼ਰੀ ਭਰ ਰਹੀ ਮੇਰੀ ਇਹ ਪੁਸਤਕ ਤੁਹਾਡੇ ਹੱਥਾਂ ਦੀ ਛੋਹ ਪਾ ਕੇ ਧੰਨਵਾਦੀ ਹੋਣ ਲਈ ਆਤੁਰ ਹੈ।

**ਅਮਰਜੀਤ ਕੌਰ 'ਹਿਰਦੇ'**
ਅਨੁਰੂਪ ਪਬਲਿਕ ਲਾਇਬਰੇਰੀ,
ਗੇਟ ਨੰ. 1, ਡੀ-506,
ਆਈਵਰੀ ਟਾਵਰ, ਸੈਕਟਰ-70,
ਮੁਹਾਲੀ (ਪੰਜਾਬ)

ਤੁਸੀਂ ਜੋ ਅਪਣੇ ਨ੍ਹੇਰੇ ਘਰ ’ਚ ਦੀਵਾ ਬਾਲ ਬੈਠੇ ਹੋ।
ਤੁਸੀਂ ਤਾਂ ਕਾਲਖ਼ਾਂ ਸੰਗ ਦੁਸ਼ਮਣੀ ਹੀ ਪਾਲ ਬੈਠੇ ਹੋ।

ਮਹਾਂ ਜੋਤੀ ’ਚੋਂ ਵਿੱਛੜੀ ਜੋਤ ਨੇ ਰਲ਼ ਜਾਣਾ ਫਿਰ ਤੋਂ ਹੀ,
ਤੁਸੀਂ ਕੀ ਪਾਵੇ ਦੇ ਸੰਗ ਖ਼ਾਮ ਬੰਨ੍ਹ ਕੇ ਕਾਲ ਬੈਠੇ ਹੋ।

ਨਫ਼ੇ-ਨੁਕਸਾਨ ਦਾ ਸੋਚਣ, ਤੇ ਡਰਦੇ ਜਿੱਤਣ ਹਾਰਨ ਤੋਂ,
ਤੁਸੀਂ ਇਹ ਜ਼ਿੰਦਗੀ ਵਿੱਚ ਕੈਸੇ ਲੈ ਜੰਜਾਲ ਬੈਠੋ ਹੋ।

ਬਣਾ ਕੇ ਰੇਤ ਦੇ ਘਰ ਖ਼ੁਦ, ਹੀ ਢਾਹ ਦਿੰਦੇ ਨੇ ਬਾਲਕ ਤਾਂ,
ਤੁਸੀਂ ਤਾਂ ਸਾਂਝ ਜਨਮਾਂ ਦੀ, ਪਾ ਮਹਿਲਾਂ ਨਾਲ ਬੈਠੇ ਹੋ।

ਨਹੀਂ ਹੈ ਖੇਡ ਇਹ ਤਾਂ ਦੋ, ਜਹਾਨੀਂ ਜੰਗ ਹੋ ਰਹੀ ਹੈ, ਤੁਸੀਂ ਕੀ
ਹਾਰਿਆਂ ਲਈ ਨਫਰਤਾਂ ਹੀ ਪਾਲ ਬੈਠੇ ਹੋ।

ਇਹ ਜਿੱਤਣ ਹਾਰ ਤਾਂ ਕਹਿੰਦੇ, ਵਕਤ ਦੀ ਖੇਡ ਹੁੰਦੀ ਹੈ,
ਕਿਸੇ ਕਿਉਂ ਭਰਮ ਵਿਚ ਪੈ ਕੇ, ਸਮੇਂ ਨੂੰ ਟਾਲ ਬੈਠੇ ਹੋ?

ਤੁਸੀਂ ਖ਼ੁਦ ਮੌਤ ਦਾ ਲੈ ਕੇ, ਸਮਾਨ ਤਾਂ ਨਾਲ ਹੋ ਤੁਰਦੇ,
ਇਹ ਜੋ ਖ਼ੁਦ ਆਪਣੇ ਹੱਥਾਂ, ’ਚ ਲੈ ਕੇ ਥਾਲ ਬੈਠੇ ਹੋ।

ਇਹ ਦੌਲਤ ਪਿਆਰ ਦੀ ਅਨਮੋਲ, ਵਸਤੂ ਹੈ ਬੜੀ ਲੋਕੋ,
ਇਹਨੂੰ ਸੰਭਾਲ ਕੇ ਰੱਖਣਾ, ਜੋ ਲੈ ਕੇ ਲਾਲ ਬੈਠੇ ਹੋ।

ਕਿਵੇਂ ਹੈ ਤੜਪਦਾ ‘ਹਿਰਦੇ’, ਚਿਰਾਂ ਤੋਂ ਪਿਆਰ ਦੀ ਖ਼ਾਤਿਰ,
ਤੁਸੀਂ ਅਣਮੁੱਲ ਦੌਲ਼ਤ ਵਿਚ, ਵੀ ਕਰਨ ਸਵਾਲ ਬੈਠੇ ਹੋ?

*****

ਜਦੋਂ ਤੱਕ ਰਾਤ ਬਾਕੀ ਹੈ, ਇਹ ਦੀਵੇ ਬਾਲ਼ੀ ਜਾਣੇ ਨੇ।
ਹਨ੍ਹੇਰੇ ਮੇਟਣੇ ਖਾਤਰ, ਅਸਾਂ ਦਿਲ ਹੀ ਜਲਾਣੇ ਨੇ।

ਇਹ ਜੇਕਰ ਉੱਗ ਪਏ ਜੰਗਲ, ਅਸਾਡੇ ਵੀ ਮਨਾਂ ਅੰਦਰ,
ਇਸੇ ਜੰਗਲ ਦੇ ਵਿਚ ਬਹਿ ਕੇ, ਅਸਾਂ ਨਿਰਵਾਣ ਪਾਣੇ ਨੇ।

ਬਿਫ਼ਰ ਗਏ ਮੌਸਮਾਂ ਦੀ ਨੀਅਤ ਵੀ ਪਹਿਚਾਣਦੀ ਹਾਂ ਜੀ,
ਬਹਾਰਾਂ ਆਉਣ ਤੇ ਫਿਰ ਇਸ, ਵਿਰਾਂ ਵੀ ਫ਼ੁੱਲ ਉਗਾਣੇ ਨੇ।

ਰਵਾਂ ਰਹਿਣਾ ਵੀ ਸਾਂਵ੍ਹਾਂ ਦਾ, ਜਦੋਂਜੇ ਸਹਿਜ ਰਿਹਾ ਨਾ ਤਾਂ,
ਮੈਂ ਅੰਤਰ ਪੀੜ ’ਚੋਂ ਮਰਦੇ, ਹੋਏ ਕੁਛ ਪਲ ਜਿਵਾਣੇ ਨੇ।

ਇਹ ਮਾਲਾ ਭੋਰਿਆਂ ਅੰਦਰ, ਕਿਵੇਂ ਤਲਵਾਰ ਬਣਦੀ ਹੈ?
ਅਸਾਂ ਇਤਿਹਾਸ ਦੇ ਵਿੱਚੋਂ, ਤੈਨੂੰ ਉਹ ਛਿਣ ਗਿਨਾਣੇ ਨੇ।

ਲਵੇਂਗੀ ਵੇਖ ਉਹ ਮੰਜ਼ਿਲ, ਕਿਵੇਂ ਪੈਰਾਂ ਹੇਠਾਂ ਵਿੱਛਦੀ,
ਅਜ਼ਮ ਅਪਣੇ ਦੇ ਸੰਗ ਕੀਤੇ, ਜੋ ਕੁਛ ਵਾਅਦੇ ਨਿਭਾਣੇ ਨੇ।

ਮੁਹੱਬਤ ਦੀ ਇਬਾਦਤ ਬਣ, ਕੇ ‘ਹਿਰਦੇ’ ਰੂਹ ’ਚ ਵੱਸੇਗੀ
ਉਦ੍ਹੀ ਤਾਸੀਰ ਵਿਚ ਹੀ ਡਿੱਗ, ਰਹੇ ਪ੍ਰੀਤਾਂ ਦੇ ਮੁਹਾਣੇ ਨੇ।

*****

ਤੂੰ ਜੇ ਨਾਲ ਰਹੇਂ ਤਾਂ ਹਰ ਇਕ ਭਵਸਾਗਰ ਤਰ ਜਾਂਦੀ ਹਾਂ।
ਪਰ ਜੇ ਨਾਲ ਨਹੀਂ ਤਾਂ ਮੂਜ਼ੀ ਛੱਪੜੀ ਵਿਚ ਖ਼ਰ ਜਾਂਦੀ ਹਾਂ।

ਕਦੀ ਤਾਂ ਸਿਖ਼ਰ ਦੁਪਹਿਰੇ ਅੱਗ ਦੀਆਂ ਨਦੀਆਂ ਤਰ ਜਾਂਦੀ ਹਾਂ।
ਕਦੇ ਕਦੇ ਪਰ ਮੁੱਠੀ ਵਿਚਲੇ ਜੁਗਨੂੰ ਤੋਂ ਵੀ ਡਰ ਜਾਂਦੀ ਹਾਂ।

ਛੋਹ ਤੇਰੀ ਮਿਲ ਜਾਊ ਇਕ ਦਿਨ ਕੰਬਦੀ ਮੇਰੀ ਕਲਾਈ ਨੂੰ,
ਏਸੇ ਲਈ ਮੈਂ ਅੰਤ੍ਰਿਕਸ਼ ਤੇ ਅਪਣਾ ਆਪਾ ਧਰ ਜਾਂਦੀ ਹਾਂ।

ਨੀਰਸ-ਨੀਰਸ ਕੌੜ-ਕੁਸੈਲ਼ਾ ਇਹ ਜੀਵਨ ਹੈ ਤੇਰੇ ਬਿਨ,
ਹੇ ਕਵਿਤਾ ਮੈਂ ਏਸ ਲਈ ਹੀ ਤੇਰੀ ਚੌਂਕੀ ਭਰ ਜਾਂਦੀ ਹਾਂ।

ਬਿਲਕੁਲ ਕੱਲ੍ਹੀ ਹੁੰਦੀ ਹਾਂ ਮੈਂ ਭੀੜਾਂ ਦੇ ਵਿਚ ਘਿਰ ਕੇ ਵੀ,
ਤੇਰੇ ਪਹਿਲੂ ਵਿਚ ਜੀਵਨ ਰੌਣਕ-ਰੌਣਕ ਵੀ ਕਰ ਜਾਂਦੀ ਹਾਂ।

ਕਦੀ ਤਾਂ ਅਪਣੇ ਆਪੇ ਤੇ ਵੀ ਮੈਂ ਇਤਬਾਰ ਨਹੀਂ ਕਰਦੀ,
ਕਈ ਵਾਰੀ ਦਿਲ ਅੱਥਰੇ ਦੀ ਐਂਵੇਂ ਹਾਮੀ ਭਰ ਜਾਂਦੀ ਹਾਂ।

ਅਪਣੇ ਹੀ ਬੇਗ਼ਾਨੇਪਨ ਨੂੰ ਘਰ ਅਪਣੇ 'ਚੋਂ ਧੋਣ ਲਈ,
ਦਿਲ ਅਪਣੇ ਦੀਆਂ ਰੀਝਾਂ ਜਿਬ੍ਹਾ ਵੀ ਹੋਣਾ ਜਰ ਜਾਂਦੀ ਹਾਂ।

ਝਾਂਜਰ ਪਾ ਕੇ ਜਾਂਦੀ ਹਾਂ ਮੈਂ 'ਹਿਰਦੇ' ਦੇ ਵੀਰਾਨੇ ਵਿਚ,
ਤੇਰੀ ਹਰ ਇਕ ਪੈੜ ਉੱਤੇ ਦੀਵੇ ਬਾਲ਼ ਕੇ ਮੈਂ ਧਰ ਜਾਂਦੀ ਹਾਂ।

*****

ਰੁੱਗ ਭਰ ਲੈਂਦੇ ਨੇ ਦਿਲ ਵਿੱਚੋਂ ਸੀਨੇ ਨਾਲ ਲਗਾ ਕੇ ਹੀ।
ਦਿਲ ਦੀ ਪਿਆਰ ਕਲ਼ਾਵੇ ਵਿੱਚੋਂ, ਮਿਲਦੀ ਪੀੜ ਸਜ਼ਾ ਕੇਹੀ?

ਬੁੱਲ੍ਹ ਤੇਰੇ ਜਦ ਹਿੱਲਦੇ ਵੀ ਨੇ ਤਾਂ ਫ਼ੱਤਵੇ ਹੀ ਲੱਗਦੇ ਨੇ,
ਚੁੱਪ ਤੇਰੀ ਵੀ ਲੱਗਦੀ ਸਾਨੂੰ ਦਿੰਦੀ ਸਿਤਮ, ਕਜ਼ਾ ਕੇਹੀ?

ਨਾ ਚਿੱਠੀ ਨਾ ਚੀਰਾ ਕੋਈ ਤੇ ਨਾ ਸੁੱਖ-ਸੁਨੇਹਾ ਹੀ,
ਕਿਹੜੀ ਦੌੜ 'ਚ ਭੱਜਿਆ ਫਿਰਦੈਂ, ਤੈਨੂੰ ਨੇਰ੍ਹ-ਹਵਾ ਕੇਹੀ?

ਲੰਘ ਗਿਆਂ ਏਂ ਸਾਡੇ ਕੋਲੋਂ, ਓਪਰਿਆਂ ਦੇ ਵਾਂਗੂੰ ਤੂੰ, ਉਂਜ ਤੂੰ ਮੈਨੂੰ
ਅਪਣੀ ਆਖੇਂ, ਤੇਰੀ ਪ੍ਰੀਤ ਅਦਾ ਕੇਹੀ?

ਪਰ, ਸਹੁੰ ਤੇਰੀ, ਯਾਦ ਤੇਰੀ ਅੱਜ, ਮੈਨੂੰ ਬਹੁਤ ਸਤਾਉਂਦੀ ਹੈ,
ਹੁਣ ਤਾਂ ਫੱਟ ਨਸੂਰ ਹੋਏ ਨੇ, ਮੇਰੇ ਕੋਲ ਦਵਾ ਕੇਹੀ?

ਤੀਰਾਂ ਵਿੰਨ੍ਹੇ ਅੱਖਰ ਸਾਰੇ, ਰੋਂਦੇ ਹੁੱਭਕੀਂ-ਹੁੱਭਕੀਂ ਨੇ,
ਦਰਦ ਦਿਲੇ ਦੇ ਨਾਲੇ ਜਾਣੇ, ਮੇਰੇ ਪਾਸ ਸ਼ਿਫ਼ਾ ਕੇਹੀ?

ਫ਼ੁੱਲ ਕੱਚਨਾਰੀ ਵੀ ਖਿੜਦੇ ਨੇ, ਅਕਸਰ ਪੱਤਝੜ ਦੀ ਰੁੱਤੇ,
ਇੰਜ ਹੀ ਕੁਦਰਤ ਮੌਲ਼ ਪਵੇਗੀ, ਜੀਵਨ ਪੰਧ ਰਜ਼ਾ ਕੇਹੀ?

ਨਜ਼ਮਾਂ ਵਰਗੇ ਖ਼ਤ ਸੱਜਣ ਦੇ, ਸਾਂਭੇ ਤਾਂ ਹੋਵਣਗੇ ਤੂੰ,
ਯਾਦਾਂ ਦੀ ਏਹੀ ਦੌਲ਼ਤ ਹੈ, 'ਹਿਰਦੇ' ਹੋਰ ਗ਼ਜ਼ਾ ਕੇਹੀ?

*****

ਅਪਣਿਆਂ ਦੇ ਵਾਂਗ ਮੈਨੂੰ, ਹੋ ਕੇ ਮਿਲ ਐ ਜ਼ਿੰਦਗੀ।
ਦਿਲਬਰਾਂ ਦੇ ਨਾਲ ਏਦਾਂ, ਨਈਂ ਕਰੀ ਦੀ ਦਿਲਲਗੀ।

ਇਸ ਤਰ੍ਹਾਂ ਮਸਤੀ ’ਚ ਰਹਿਣ ਦਾ, ਵੱਖਰਾ ਆਨੰਦ ਹੈ,
ਹੁਣ ਸ਼ਰਾਫ਼ਤ ਨਾਲ ਜੀਣ ਦੀ,ਤੂੰ ਦੇ ਦੇ ਸਾਦਗੀ।

ਇਸ ਤਰ੍ਹਾਂ ਦੀ ਤੜਪ ਮੇਰੇ, ਖ਼ੂਨ ਦੀ ਹੀ ਦੇਣ ਹੈ,
ਘੋਲ੍ਹ ਦੇ ਤੂੰ ਜ਼ਿੰਦਗੀ ਹੁਣ, ਖ਼ੂਨ ਦੇ ਵਿੱਚ ਬੰਦਗੀ।

ਜੇ ਤੂੰ ਕਰਨਾ ਹੈ ਤਾਂ ਏਸੇ, ਰੂਪ ਵਿਚ ਮਨਜ਼ੂਰ ਕਰ,
ਬਦਲ ਤਾਂ ਸਕਦੀ ਨਹੀਂ ਹੁਣ, ਦਿਲ ਮੇਰੇ ਦੀ ਸਾਦਗੀ।

ਮੈਂ ਸ਼ੈਦਾਈ ਹਾਂ ਤੇਰੀ ਇਹ, ਲੋਕ ਮੈਨੂੰ ਆਖਦੇ,
ਪਰ ਤੂੰ ਆਖੇਂ ਜ਼ਿੰਦਗੀ ਕੀ, ਮੈਂ ਹਾਂ ਤੇਰੀ ਖ਼ਾਨਗੀ!

ਮੈਂ ਦਿਆਨਤਦਾਰ ਤੇਰੇ, ਜ਼ੁਲਮ ਥੀਂ ਮਰਨੀ ਨਹੀਂ,
ਨਸ਼ਰ ਹੋ ਜਾਣੀ ਸਗੋਂ ਜੱਗ, ’ਤੇ ਤੇਰੀ ਹੈਵਾਨਗੀ।

ਇਹ ਨਤੀਜਾ ਵੀ ਤਾਂ ਤੇਰੀ, ਓਸ ਗ਼ਫ਼ਲਤ ਦਾ ਹੀ ਹੈ,
ਸਿਰ ਝੁਕਾਈ ਹੈ ਖੜ੍ਹੀ, ਤੈਥੋਂ ਤੇਰੀ ਸ਼ਰਮਿੰਦਗੀ।

ਚੀਸ ਡੂੰਘੀ ਉੱਠਦੀ ਹੈ, ‘ਹਿਰਦੇ’ ਦੀ ਗਹਿਰਾਈ ‘ਵਿੱਚੋਂ,
ਚੁੱਪ ਰਹੇ ਜੇ ਇਹ ਵੀ ਤਾਂ ਹੈ, ਓਸਦੀ ਦੀਵਾਨਗੀ।

*****

ਤਹਿ-ਦਿਲੋਂ ਮੈਂ ਹੁਣ ਤੇਰੇ ਅਹਿਸਾਨ ਵਿਚ ਹਾਂ ਜ਼ਿੰਦਗੀ।
ਇਸ ਲਈ ਮੈਂ ਸੱਚ ਦੇ ਵਿਖਿਆਨ ਵਿਚ ਹਾਂ ਜ਼ਿੰਦਗੀ।

ਫ਼ੱਕਰਾਂ ਦੇ ਬੋਲ ਮੇਰੇ, ਗੂੰਜਦੇ ਕੰਨਾਂ ਦੇ ਵਿੱਚ,
ਤੂੰ ਮੇਰੇ ਤੇ ਮੈਂ ਤੇਰੇ, ਗ਼ੁਲਦਾਨ ਵਿੱਚ ਹਾਂ ਜ਼ਿੰਦਗੀ।

ਭਟਕਦੇ ਰਾਹੀ ਨੂੰ ਆਖ਼ਿਰ, ਮਿਲ ਗਿਆ ਜਿਸਦਾ ਪਤਾ,
ਓਸ ਰਹਿਬਰ ਦੇ ਮਨੋਂ, ਅਹਿਸਾਨ ਵਿਚ ਹਾਂ ਜ਼ਿੰਦਗੀ।

ਅਦਨ ਦੇ ਬਾਗੋਂ ਜੋ ਮੈਨੂੰ, ਉਹ ਨਿਆਮਤ ਮਿਲ ਗਈ,
ਅਜ਼ਲ ਤੋਂ ਮੈਂ ਓਸਦੇ, ਵਰਦਾਨ ਵਿਚ ਹਾਂ ਜ਼ਿੰਦਗੀ।

ਨ੍ਹੇਰੀਆਂ ਰਾਤਾਂ ’ਚ ਕਿਰਨਾਂ, ਚਾਹੁੰਦੀਆਂ ਨੇ ਵਿਗਸਣਾ,
ਫ਼ੈਲਦੇ ਨ੍ਹੇਰੇ ’ਚ ਵੀ ਮੈਂ, ਗਿਆਨ ਵਿਚ ਹਾਂ ਜ਼ਿੰਦਗੀ।

ਸ਼ਬਦ-ਸੁਰਤੀ ਦਾ ਵਿਛੋੜਾ, ਦੇ ਰਿਹਾ ਤਕਲੀਫ਼ ਹੁਣ,
ਕਾਸਿਆਂ ਨੂੰ ਤੂੰ ਭਰੀਂ ਮੈਂ, ਧਿਆਨ ਵਿਚ ਹਾਂ ਜ਼ਿੰਦਗੀ।

ਮੇਰੇ ਗੁਜ਼ਰੇ ਵਕਤ ਦੇ, ਪਰਛਾਂਵਿਆਂ ਨੂੰ ਵੇਖ ਨਾ,
ਤੇਰੀ ਸੌਂਹ ਮੈਂ ਅੱਜ ਵੀ, ਈਮਾਨ ਵਿਚ ਹਾਂ ਜ਼ਿੰਦਗੀ।

ਧਾਰ ਤੇਰੀ ਹੇਠ ਮੇਰੀ ਧੌਣ ਹੈ, ਹੁਣ ਕਤਲ ਕਰ,
ਨਾ ਡਰਾਂ, ਬੇਖ਼ੌਫ਼ ਹਾਂ, ਮੈਦਾਨ ਵਿੱਚ ਹਾਂ ਜ਼ਿੰਦਗੀ।

ਖ਼ਬਤ ਦੀ ਭਟਕਣ ’ਚੋਂ ਨਿੱਕਲੀ, ਜ਼ਬਤ ਵਿਚ ਹਾਂ ਅੱਜ ਕੱਲ੍ਹ,
ਹੁਣ ਮੈਂ ਅਪਣੀ ਛਾਂਵੇਂ-ਛਾਂਵੇਂ, ਸ਼ਾਨ ਵਿਚ ਹਾਂ ਜ਼ਿੰਦਗੀ।

ਭਟਕਦੇ ‘ਹਿਰਦੇ’ ਨੂੰ ਮਿਲਿਆ, ਜ਼ਬਤ ਦਾ ਹੀ ਆਸਰਾ,
ਦਰਅਸਲ ਮੈਂ ਹੁਣ ਤਿਰੇ, ਉਨਵਾਨ ਵਿੱਚ ਹਾਂ ਜ਼ਿੰਦਗੀ।

*****

ਭਾਉਂਦਾ ਸੀ ਦਿਲ ਨੂੰ ਭਾਂਵੇਂ ਸੀ ਕਾਲ਼ਾ ਗ਼ੁਲਾਬ ਉਹ।
ਅੱਧੀ ਰਾਤ ਚਮਕਿਆ ਪੁੰਨਿਆਂ ਦਾ ਆਫ਼ਤਾਬ ਸੀ ਉਹ।

ਗ਼ਮ ਦਾ ਫੇਰ ਸਾਗਰ ਬਣ ਗਿਆ ਹੈ ਦਿਲ ਮੇਰਾ ਜਾਨਾ,
ਜਿਗਰ-ਜਾਨ ਖ਼ੋਰ ਕੇ ਲੈ ਗਿਆ ਉੱਠਿਆ ਸਲਾਬ ਉਹ।

ਰੂਹ ਦੇ ਮਾਰੂਥਲ ਵਿਚ ਡੁੱਬ ਕੇ ਸੁੱਕ ਗਿਆ ਸੀ ਭਟਕਦਾ,
ਇਸ਼ਕੇ ਦਾ ਸਾਗਰ ਉਸ ਤਰਿਆ ਜੋ ਡੁੱਬਿਆ ਉਕਾਬ ਉਹ।

ਹੁਣ ਇਸ ਨਗਰ ਦੇ ਲੋਕੀਂ ਦਰਦਮੰਦਾਂ ਨੂੰ ਸੁਣਦੇ ਨਹੀਂ,
ਹੱਸਦਿਆਂ ਨਾਲ ਹੱਸਦੇ ਸਾਰੇ, ਫ਼ੱਕਰ ਜਨਾਬ ਉਹ।

ਵੱਡੇ-ਵੱਡੇ ਪਰਬਤ ਵੀ ਨਿਉਂਦੇ ਏਕਤਾ ਮੂਹਰੇ,
ਅੰਬਰ ਡੋਲ ਜਾਂਦੇ ਨੇ ਜੇ, ਆਵੇ ਇਨਕਲਾਬ ਉਹ।

ਹੱਸਦੀ ਹੈ ਸਦਾ ਦੁਨੀਆਂ ਨਵੇਕਲੀ ਸੋਚ ’ਤੇ ਪਹਿਲਾਂ,
ਧੁਨ ਅਪਣੀ ’ਚ ਰਹਿੰਦੇ ਮਸਤ, ਸਿਰੇ ਲਾਉਂਦੇ ਨੇ ਖ਼ਾਬ ਉਹ।

ਚਾਹੀਦਾ ਜਨੂੰਨ ਜਿਹਾ ਵੀ ਮੰਜ਼ਿਲ ਨੂੰ ਪਾ ਲੈਣ ਲਈ,
ਪੈਰਾਂ ਵਿੱਚ ਆ ਕੇ ਵਿਛ ਜਾਂਦਾ ਫਿਰ ਮਹਿਤਾਬ ਉਹ।

ਹਾਕਮ ਜ਼ੁਲਮ ਓਦੋਂ ਕਰੇ ਜਦੋਂ ਸੱਚ ਸਾਹਮਣੇ ਖੜ੍ਹੇ,
ਬਾਗ਼ੀ ਆਖਦਾ ਕੌਮਾਂ ਨੂੰ, ਹੋਵੇ ਲਾਜਵਾਬ ਉਹ।

‘ਹਿਰਦੇ’ ਵਿੱਚੋਂ ਵੇਖਿਆ ਉਹਨੇ ਅਪਣਾ ਆਪਾ ਧੁੰਦਲਾ,
ਬਸ ਫਿਰ ਗ਼ੈਰ ਜਿਹਾ ਹੋ ਗਿਆ ਉਦੋਂ ਅਪਣਾ ਪੰਜਾਬ ਉਹ।

*****

ਇਕ ਚੌਂਕੇ ਦੇ ਭਾਂਡਿਆਂ ਵਿਚ, ਟੁਣਕਾਰ ਵੀ ਹੁੰਦੀ ਏ।
ਹਮਸ਼ੀਰਾਂ ਦੀ ਆਪਸ ਵਿਚ, ਤਕਰਾਰ ਵੀ ਹੁੰਦੀ ਏ।

ਮੁਲਖਈਏ ਦੀ ਦੌੜ ਲੱਗੀ, ਹੈ ਤੱਖ਼ਤਾਂ ਦੀ ਖ਼ਾਤਿਰ,
ਜ਼ੀਨਤ ਨਜ਼ਰ ਮੁਹੱਬਤ ਦੀ, ਹੱਕਦਾਰ ਵੀ ਹੁੰਦੀ ਏ।

ਸੋਨੇ ਦੀ ਜੰਜ਼ੀਰ ਹੈ ਪੈਰੀਂ, ਪਿੰਜਰਾ ਸੋਨੇ ਦਾ,
ਉਸ ਬਨਵਾਸ 'ਚ ਸੋਨੇ ਦੀ, ਛਣਕਾਰ ਵੀ ਹੁੰਦੀ ਏ।

ਸਿਲਸਿਲਾ ਸੁਕਰਾਤ ਦਾ ਮੇਰੇ ਅਜਮ ਦੀ ਹੋਣੀ ਵੀ,
ਜ਼ਹਿਰੀ ਸਾਗਰ ਉੱਤੋਂ ਦੀ, ਮੰਝਧਾਰ ਵੀ ਹੁੰਦੀ ਏ।

ਨਿਰਧਨਤਾ ਜੇ ਹਾਰਾਂ ਦਿੰਦੀ, ਦਿੰਦੀ ਜਿੱਤਾਂ ਵੀ,
ਜ਼ਿੰਦਗੀ ਫਿਰ ਆਪੇ ਦੀ ਸ਼ਾਹ ਅਸਵਾਰ ਵੀ ਹੁੰਦੀ ਏ।

ਹੱਥੋਂ ਅਪਣਿਆਂ ਦੇ ਮਰਦੇ, ਹਥਿਆਰਾਂ ਦੇ ਸ਼ੌਂਕੀ,
ਪੱਗ ਵੱਟ ਭਾਈਆਂ ਹੱਥੋਂ, ਯਾਰੀ ਮਾਰ ਵੀ ਹੁੰਦੀ ਏ।

ਕਿਰਦਾਰ-ਕੁਸ਼ੀ ਦੂਜੇ ਦੀ, ਡੋਬੇ ਬਸ ਅਪਣਾ ਹੀ ਬੇੜਾ,
ਕਿਰਦਾਰ-ਕਸ਼ੀ ਇਹ ਅਪਣੀ, ਤਾਰਨਹਾਰ ਵੀ ਹੁੰਦੀ ਏ।

ਲੱਭੇਂ ਕੀ ਤੂੰ ਫੋਕੀ ਸ਼ੋਹਰਤ, ਦੌਲ਼ਤ, ਮਸਲਤ 'ਚੋਂ,
ਇਸ ਬੰਦੇ ਖਾਣੀਂ ਦੀ, ਤਿੱਖੀ ਧਾਰ ਵੀ ਹੁੰਦੀ ਏ।

ਹਰ ਮੁਮਤਾਜ਼ ਨੂੰ ਐਥੇ, ਅਪਣੇ ਸ਼ਾਹ ਦੀ ਇੱਛਾ ਹੈ,
ਸੋਹਣੀ ਸੂਰਤ 'ਹਿਰਦੇ', ਦੀ ਗ਼ਮਖ਼ਾਰ ਵੀ ਹੁੰਦੀ ਏ।

*****

ਤੇਰੀ ਆਗੋਸ਼ ਵਿਚ ਪਰਬਤ, ਪਿਘਲਦੀ ਇਕ ਨਦੀ ਹਾਂ ਮੈਂ।
ਤੇਰੇ ਇਕ ਦਿਲ ਦੇ ਬਿੰਦੂ ’ਤੇ, ਸਿਮਟ ਚੁੱਕੀ ਸਦੀ ਹਾਂ ਮੈਂ।

ਕਦੇ ਤੂੰ ਆਖਿਆ ਬੰਜਰ, ਮੇਰੀ ਪੀੜਾਂ ਦੀ ਗਾਗਰ ਨੂੰ,
ਪਤਾ ਤੈਨੂੰ ਤੁਸਾਂ ਦੇ ਇਸ਼ਕ ਦੀ ਵਗ਼ਦੀ ਨਦੀ ਹਾਂ ਮੈ।

ਕਦੀ ਆਂਵੇਂ, ਤੇ ਤੂੰ ਮੇਰਾ, ਗ਼ਿਰੇਬਾਂ ਚਾਕ ਕਰ ਜਾਂਵੇਂ,
ਜੇ ਚਾਂਹਵੇਂ ਤੂੰ, ਤਾਂ ਤੇਰਾ ਇਸ਼ਕ ਵੀ ਬਣਦੀ ਕਦੀ ਹਾਂ ਮੈਂ।

ਕਦੀ ਤੇਰੀਆਂ ਹੀ ਪਲਕਾਂ ’ਤੇ, ਕਦੀ ਤੇਰੀਆਂ ਨਿਗਾਹਾਂ ਤੋਂ,
ਸਮੇਂ ਦੀ ਮਾਰ ਸਹਿ-ਸਹਿ ਕੇ, ਹੀ ਜਾਂਦੀ ਖਿਸਕਦੀ ਹਾਂ ਮੈਂ।

ਕਿਓਂ ਤੇਰੇ ਹੀ ਦਿਲ ਤੀਕਰ, ਮੇਰੀ ਕੋਈ ਅਰਜ਼ ਨਹੀਂ ਜਾਂਦੀ,
ਕਿ ਹਰਦਮ ਹੀ ਤੇਰੇ ਚਰਨਾਂ ’ਚ ਬਹਿ ਕੇ ਸਿਸਕਦੀ ਹਾਂ ਮੈਂ।

ਨਹੀਂ ਉਸ ਪਰਤ ਕੇ ਆਉਣਾ, ਜੋ ਛੱਡ ਕੇ ਤੁਰ ਗਿਆ ਮੈਨੂੰ,
ਉਹਨੂੰ ਰੁੱਸ-ਰੁੱਸ ਕੇ ਜਾਂਦੇ ਨੂੰ, ਹਮੇਸ਼ਾਂ ਰੋਕਦੀ ਹਾਂ ਮੈਂ।

ਸਤਾਇਆ ਕਰ ਨਾ ਤੂੰ ਏਨਾ, ਰੁਆਇਆ ਕਰ ਨਾ ਤੂੰ ਏਨਾ,
ਤੇਰੇ ਇਸ ਚੰਨ ਜਿਹੇ ਮੁੱਖ ’ਤੇ, ਖ਼ੁਸ਼ੀ ਨੂੰ ਤਰਸਦੀ ਹਾਂ ਮੈਂ।

ਨਦੀ ਹਾਂ ਮੈਂ ਤਦੇ ਕੁੱਲ ਧਰਤੀਆਂ, ਦੇ ਹੇਠ ਵਗ਼ਦੀ ਹਾਂ,
ਕਿਤੇ ਅੱਧੀ, ਕਿਤੇ ਪੌਣੀ, ਕਿਤੇ ਪੂਰੀ ਨਦੀ ਹਾਂ ਮੈਂ।

ਦੁਆ ‘ਹਿਰਦੇ’ ਦੀ ਮਿਲ ਜਾਵੇ ਤਾਂ ਨ੍ਹੇਰਾ ਦੂਰ ਹੋ ਜਾਂਦਾ,
ਖਿੜੀ ਗ਼ੁਲਜ਼ਾਰ ਦੇ ਵਾਂਗੂੰ ਹਮੇਸ਼ਾਂ ਮਹਿਕਦੀ ਹਾਂ ਮੈਂ।

*****

ਆਪਣੇ ਹੀ ਆਪ ਤੋਂ ਏਨਾ ਖ਼ਫ਼ਾ ਕਿਉਂ ਹੋ ਰਿਹਾ ਏ?
ਤਾਲ ਕੋਲੋਂ ਖੁੰਝ ਕੇ ਜਨ ਬੇ-ਸੁਰਾ ਕਿਉਂ ਹੋ ਰਿਹਾ ਏ?

ਡੂੰਘੀ ਹੁੰਦੀ ਜਾ ਰਹੀ ਹੈ, ਰਿਸ਼ਤਿਆਂ ਦੀ ਤਿਸ਼ਨਗੀ ਵੀ,
ਫਿਰ ਵੀ ਅਪਣੇ-ਪਨ ਤੋਂ ਕੋਰਾ, ਆਪਣਾ ਕਿਉਂ ਹੋ ਰਿਹਾ ਏ?

ਬੇ-ਨਿਆਜ਼ੀ ਤੇ ਬੇ-ਦਰਦੀ ਢੋਅ ਰਿਹਾ ਬੇ-ਰਹਿਮ ਹੈ ਦਿਲ,
ਝੂਠ ਦੀ ਗ਼ਰਦਿਸ਼ ’ਚ ਬੰਦਾ, ਜਾਅਲ ਜਿਹਾ ਕਿਉਂ ਹੋ ਰਿਹਾ ਏ?

ਜ਼ਲਜ਼ਲਾ ਆ ਰੁੱਕ ਗਿਆ ਤੇ, ਹੋ ਗਿਆ ਮਨ ਸ਼ਾਂਤ ਵੀ ਹੁਣ,
ਸ਼ਾਂਤੀ ਵਿਚ ਰਹਿ ਕੇ ਵੀ ਮਨ, ਪੇਤਲਾ ਕਿਉਂ ਹੋ ਰਿਹਾ ਏ?

ਈਰਖ਼ਾ ਹੀ ਖਾ ਰਹੀ ਹੈ, ਹੁਨਰ ਸੁਹਜ ਤੇ ਹਸਰਤਾਂ ਨੂੰ,
ਸੱਭਿਅਕ ਬੰਦਾ ਵੀ ਇਸ ਯੁੱਗ, ਦਿਲਜਲਾ ਕਿਉਂ ਹੋ ਰਿਹਾ ਏ?

ਉਸ ਜਨੂੰਨੀ ਖ਼ੂਨ ਪੀਣੇ ਜ਼ਾਤ ਬੰਦੇ ਦੀ ਨੂੰ ਮਿਹਣਾ,
ਆਖਦਾ ਭਗਵਾਨ ਅੰਨ੍ਹਾ ਤੇ ਬਹਿਰਾ ਕਿਉਂ ਹੋ ਰਿਹਾ ਏ?

ਤੂੰ ਦੁਆ ਕਰ ਸਭ ਲਈ ‘ਹਿਰਦੇ’ ਨ ਘਾਇਲ ਹੋਏ ਕਿਸੇ ਦਾ,
ਤੂੰ ਨਾ ਸੋਚੀਂ ਪਿਆਰ ਵਿਚ ਕੋਈ, ਬੇਵਫ਼ਾ ਕਿਉਂ ਹੋ ਰਿਹਾ ਏ?

*****

ਮਰ ਗਈਆਂ ਇੱਛਾਵਾਂ ਹੁਣ ਸਭ ਢੇਰ੍ਹੀ ਹੋ ਗਈ ਆਂ।
ਹੁਣ ਨਾ ਕੋਈ ਚਾਹਤ ਸੱਜਣਾਂ ਤੇਰੀ ਹੋ ਗਈ ਆਂ।

ਦਰਦਾਂ ਸੰਗ ਬਾਵਸਤਾ ਹੋਈ, ਤਾਂ ਜਾਣੀ ਹਾਂ ਮੈਂ,
ਸੋਹਬਤ ਤੇਰੀ ਵਿਚ ਮੈਂ ਹੋਰ, ਚੰਗੇਰੀ ਹੋ ਗਈ ਆਂ।

ਦਿਲ ਦੇ ਇੰਦਰ-ਧਨੁੱਸ਼ ਹੁਣ, ਸਾਰੇ ਰੰਗ ਗੁਆ ਚੁੱਕੇ,
ਮਨ ਅਪਣੇ ਦੇ ਚੱਕ ’ਤੇ, ਘੁੰਮਣ-ਘੇਰੀ ਹੋ ਗਈ ਆਂ।

ਦਿਲ ਦੇ ਕੈਨਵਸ ਉੱਤੇ ਹਰਦਮ ਲੀਕਾਂ ਵਾਹ੍ਵਾਂ ਮੈਂ,
ਤੇਰੀਆਂ ਯਾਦਾਂ ਦੀ ਤਸਵੀਰ, ਚਤੇਰੀ ਹੋ ਗਈ ਆਂ।

ਭਰ ਕਸ਼ਕੌਲ ਦਿਲੇ ਦਾ ਲੈ ਕੇ ਖੜ੍ਹ ਗਈ ਸਰਦਲ ‘ਤੇ,
ਖ਼ੁਦ ਹੀ ਦੀਪ ਜਲਾਉਨੀ ਆਂ, ਖ਼ੁਦ ਨ੍ਹੇਰੀ ਹੋ ਗਈ ਆਂ।

ਤੈਨੂੰ ‘ਡੀਕ ਰਹੀ ਆਂ, ਪਰ ਮਿਲਨਾ ਵੀ ਚਾਹਵਾਂ ਨਾ,
ਪੱਕ ਗਈਆਂ ਨੇ ਅੱਖਾਂ, ਫਿਰ ਵੀ ਤੇਰੀ ਹੋ ਗਈ ਆਂ।

ਕਰਨਾ ਸੀ ਜੋ ਕਰ ਆਇਆ ਨਾ ਟਲ਼ਿਆ ਵਰਜਿਆ ਸੀ,
ਜੇਹੋ ਜੇਹਾ ਤੂੰ ਸੀ ਜੇਹੀ, ਚੇਰੀ ਹੋ ਗਈ ਆਂ।

ਸੇਜ ’ਤੇ ਲੈਂਦੀ ਸੁਪਨੇ ਆਖਰ, ਸੌਂ ਗਈ ਹਾਂ ਥੱਕ ਕੇ,
ਸੁਪਨੇ ਖਿੰਡ ਗਏ ਸਾਰੇ, ਮੈਂ ਢੇਰ੍ਹੀ ਹੋ ਗਈ ਆਂ।

ਕੋਈ ਕਹਿੰਦਾ ਨੱਕ-ਚੜ੍ਹੀ, ਗ਼ਮ-ਖ਼ਾਰ ਕਹੇ ਕੋਈ,
ਜੋ ਪਹੁੰਚੇ ‘ਹਿਰਦੇ’ ਨੂੰ, ਉਸ ਦੀ ਚੇਰੀ ਹੋ ਗਈ ਆਂ।

*****

ਤੇਰੇ ਪਾਣੀਆਂ ਵਿਚ ਭਿੱਜੀ ਤਾਂ ਮੈਂ ਤੇਰੀ ਹੋ ਗਈ ਸਾਂ।
ਤੂੰ ਬਦਲੇ ਜਦ ਰਾਹ ਅਪਣੇ ਮਿੱਟੀ ਢੇਰ੍ਹੀ ਹੋ ਗਈ ਸਾਂ।

ਥਲ਼ ਸਾਰਾ ਮੈਂ ਗਾਹ ਲਿਆ ਪਰ, ਤੇਰੀ ਪੈੜ ਨਾ ਲੱਭੀ,
ਹਿਜਰ ਤੇਰੇ ਵਿੱਚ ਸੜ ਕੇ ਮੈਂ, ਰਾਖ਼ ਦੀ ਕੇਰੀ ਹੋ ਗਈ ਸਾਂ।

ਖੰਭ ਤਾਂ ਬਾ-ਤਰਤੀਬ ਨੇ ਦਿੱਤੇ, ਉਸ ਹਰ ਪੰਛੀ ਨੂੰ,
ਬਾਜਾਂ ਅੱਗੇ ਕਿਉਂ ਚਿੜੀਆਂ ਜੇਹੀ ਢੇਰ੍ਹੀ ਹੋ ਗਈ ਸਾਂ?

ਫ਼ੁੱਲਾਂ ਵਿਚ ਛੁਪੇ ਕੰਡਿਆਂ ਦੀ, ਪੀੜ ਅਜੇ ਹੈ ਪੋਟਿਆਂ ਵਿਚ,
ਦਰਦਾਂ ਦੇ ਕਾਰਨ ਉਮਰੋਂ ਰਤਾ ਵਡੇਰੀ ਹੋ ਗਈ ਸਾਂ।

ਫਿਰ ਪਰਵਾਹ ਨਾ ਕੀਤੀ, ਤੇਰੀਆਂ ਚੁੱਭਵੀਆਂ ਗੱਲਾਂ ਦੀ,
ਬੱਚੀ ਨਹੀਂ ਮੈਂ ਅਕਲੋਂ, ਬਹੁਤ ਉਚੇਰੀ ਹੋ ਗਈ ਸਾਂ।

ਮਿੱਠੇ ਬੇਰ ਦਿਆਂ ਪੱਥਰ ਖਾ ਕੇ ਵੀ ਲੋਕਾਂ ਕੋਲੋਂ
ਕੰਡਿਆਂ ਵਾਲੀ ਹੀ ਭਾਵੇਂ, ਮੈਂ ਬੇਰੀ ਹੋ ਗਈ ਸਾਂ।

ਮੈਂ ਅਨਮੋਲ ਸ਼ੁਆ ਸਾਂ, ਜਿਸਦਾ ਮੋਲ ਨਹੀਂ ਕੋਈ,
ਇਸ ਮੰਡੀ ਦੀ ਵਸਤ ਰਹੀ ਨਾ ਤੇਰੀ ਹੋ ਗਈ ਸਾਂ।

ਭੋਲ਼ੀ ਸਾਂ ਮੈਂ 'ਹਿਰਦੇ' ਤੋਂ, ਅਕਲੋਂ ਵੀ ਸਾਂ ਖੁੰਢੀ,
ਸਾਣ ਤੇਰੀ 'ਤੇ ਲੱਗੀ ਤਾਂ ਹੋਰ ਤਿਖ਼ੇਰੀ ਹੋ ਗਈ ਸਾਂ।

*****

ਅਪਣਾ ਆਪ ਸਜਾ ਕੇ ਰੱਖੀਂ।
ਦਿਲ ਦੇ ਦਰਦ ਛੁਪਾ ਕੇ ਰੱਖੀਂ।

ਖੋਲ੍ਹੀਂ ਕਿਤੇ ਨਾ ਗੰਢੜੀ ਦਿਲ ਦੀ,
ਪੀਡੀ ਗੰਢ ਲਗਾ ਕੇ ਰੱਖੀਂ।

ਮੰਨੀ ਨਾ ਕਦੇ ਹਾਰ ਵਕਤ ਤੋਂ,
ਦਿਲ ਵਿਚ ਵਫ਼ਾ ਜਗਾ ਕੇ ਰੱਖੀਂ।

ਦੇਨੀ ਆਂ ਨਜ਼ਰਾਨਾ ਦਿਲ ਦਾ,
ਨਜ਼ਰਾਂ ਕੋਲੋਂ ਬਚਾ ਕੇ ਰੱਖੀਂ।

ਦਿਲ ਤਾਂ ਪਾਗ਼ਲ ਦੀਵਾਨਾ ਹੈ,
ਖ਼ੁਦ ਨੂੰ ਹੀ ਸਮਝਾ ਕੇ ਰੱਖੀਂ।

ਥੱਕ ਕੇ ਦਿਲ ਰੁਕ ਹੀ ਨਾ ਜਾਵੇ,
ਧੀਮੀ ਚਾਲ ਚਲਾ ਕੇ ਰੱਖੀਂ।

ਨਾ ਮਜਬੂਰ ਕਰੀਂ ਤੂੰ ਮੈਨੂੰ,
ਏਨੀ ਪਿਰਤ ਬਣਾ ਕੇ ਰੱਖੀਂ।

ਚਾਂਵਾਂ ਨਾਲ ਹੈਂ ਮਾਪਿਆਂ ਪਾਲ਼ੀ,
ਤੂੰ ਵੀ ਲਾਡ ਲਡਾ ਕੇ ਰੱਖੀਂ।

ਮਿਲਦਾ ਰਹੀਂ ਸੁਪਨੇ ਵਿਚ ਭਾਂਵੇਂ,
ਦੂਰੀਆਂ ਜ਼ਰਾ ਘਟਾ ਕੇ ਰੱਖੀਂ।

ਗ਼ਲਤਫ਼ਹਮੀ ਇਹ ਟੁੱਟ ਨਾ ਜਾਵੇ,
'ਹਿਰਦੇ' ਭਰਮ ਬਣਾ ਕੇ ਰੱਖੀਂ।

*****

ਮਾਣ ਕੇ ਵਸਲਾਂ ਦਾ ਮੰਜ਼ਰ, ਫੇਰ ਵੀ ਪਿਆਸੀ ਹਾਂ ਮੈਂ।
ਡੀਕ ਕੇ ਸਾਰਾ ਸਮੁੰਦਰ, ਫੇਰ ਵੀ ਪਿਆਸੀ ਹਾਂ ਮੈਂ।

ਕੋਈ ਦਾਮਨ ਵਿਚ ਛੁਪਾ ਕੇ, ਦੇ ਗਿਆ ਅਣ-ਗਿਣਤ ਗ਼ਮ,
ਹੈ ਨਦੀ ਨੈਣਾਂ ਦੇ ਅੰਦਰ, ਫੇਰ ਵੀ ਪਿਆਸੀ ਹਾਂ ਮੈਂ।

ਉਹਦੀਆਂ ਬਾਹਾਂ ਦੇ ਘੇਰੇ, ਵਿੱਚੋਂ ਮਿਲਦਾ ਹੈ ਸਕੂਨ,
ਹੈ ਤਰਿਪਤੀ ਮਨ ਦੇ ਅੰਦਰ, ਫੇਰ ਵੀ ਪਿਆਸੀ ਹਾਂ ਮੈਂ।

ਭਟਕਣਾ ਮਾਰੂਥਲ਼ਾਂ ਦੀ ਵਿੱਚੋਂ, ਲੰਘ ਆਈ ਪਾਰ ਹਾਂ,
ਵਰ੍ਹ ਰਿਹਾ ਅੱਗਿਓਂ ਸਮੰਦਰ, ਫੇਰ ਵੀ ਪਿਆਸੀ ਹਾਂ ਮੈਂ।

ਮਾਨਸਰ ’ਤੇ ਪੁੱਜ ਗਈ ਹਾਂ, ਫੇਰ ਵੀ ਮਨ ਖ਼ਲਿਸ਼ ਹੈ,
ਭਿਜਦੀ ਰਹਾਂ ਮੈਂ ਨਿਰੰਤਰ, ਫੇਰ ਵੀ ਪਿਆਸੀ ਹਾਂ ਮੈਂ।

ਇਸ਼ਕ ਪਿਆਲਾ ਜ਼ਹਿਰ ਦਾ ਮੈਂ ਪੀ ਲਿਆ ਆਪੇ ਹੀ ਤਾਂ,
ਜਿੱਤ ਕੇ ਮਨ ਦਾ ਸਿਕੰਦਰ, ਫੇਰ ਵੀ ਪਿਆਸੀ ਹਾਂ ਮੈਂ।

ਜਾਮ ਸਾਕੀ ਵੀ ਪਿਲਾਉਂਦਾ, ਭਰ ਕੇ ਸਾਨੂੰ ਬਾਟੇ ’ਚੋਂ,
ਵਜਦ ਵਿਚ ਵੀ ਹਾਂ ਨਿਰੰਤਰ ਫੇਰ ਵੀ ਪਿਆਸੀ ਹਾਂ ਮੈਂ।

ਝਰਨੇ, ਨਦੀਆਂ, ਬੱਦਲਾਂ ਨੂੰ, ਭਾਲ ਜਿਸਦੀ ਹੈ ਸਦਾ,
ਹੋ ਰਵ੍ਹੇ ‘ਹਿਰਦੇ’ ਸਮੁੰਦਰ, ਫੇਰ ਵੀ ਪਿਆਸੀ ਹਾਂ ਮੈਂ।

*****

ਵਰ੍ਹਿਆਂ ਦੇ ਪਿਆਸੇ ਨੂੰ ਵਗ਼ਦਾ ਦਰਿਆ ਮਿਲਿਆ ਜੇ।
ਇਸ ਥਲ਼ ਦੀ ਭਟਕਣ ਨੂੰ ਲਗਦਾ ਦਰਿਆ ਮਿਲਿਆ ਜੇ।

ਮੇਰੀਆਂ ਰਾਤਾਂ 'ਚੋਂ ਕਿੰਨੇ ਚੰਨ ਮਨਫ਼ੀ ਹੋਏ ਨੇ,
ਚਾਨਣ ਦੀ ਥਾਂ ਮੈਨੂੰ ਅੱਗ ਦਾ ਦਰਿਆ ਮਿਲਿਆ ਜੇ।

ਆਸਾਂ ਦੀ ਗੰਢੜੀ ਬੰਨ੍ਹ ਠਿੱਲ੍ਹ ਪੈਨੀ ਆਂ ਸੱਤਲੁਜ ਵਿਚ,
ਮਨ ਦੀ ਹਰ ਤ੍ਰਿਸ਼ਨਾ ਨੂੰ ਲਗਦਾ ਦਰਿਆ ਮਿਲਿਆ ਜੇ।

ਰੋਜ਼ ਸਵਾਲ ਪਈ ਪੁੱਛੇ ਮੇਰੀ ਜਗਿਆਸਾ ਮੈਥੋਂ,
ਚੇਤਨਤਾ ਨੂੰ ਫੇਰ ਕਿਉਂ ਠੱਗਦਾ ਦਰਿਆ ਮਿਲਿਆ ਜੇ?

ਅਪਣੇ ਸਿਰਜਕ ਤੋਂ ਹੀ ਕਿਰਤ ਦਾ ਇਹ ਭੇਦ ਹੈ ਕੈਸਾ,
ਕਿਰਤੀ ਦੇ ਪੈਰਾਂ ਨੂੰ ਦਗ਼ਦਾ ਦਰਿਆ ਮਿਲਿਆ ਜੇ।

ਵੇਦਨ ਤੇ ਪੀੜਾਂ ਲੈ ਕੇ ਰਗ਼ ਰਗ਼ ਦੀ ਹਰਕਤ ਵਿਚ,
ਮਾਰੂਥਲ 'ਚੋਂ ਲੰਘਦਾ, ਦਗ਼ਦਾ ਦਰਿਆ ਮਿਲਿਆ ਜੇ।

'ਹਿਰਦੇ' ਨੇ ਰਾਜ਼ ਖੋਲ੍ਹਦੀ ਅਪਣੀ ਵੀ ਖ਼ਸਲਤ ਦੇ,
ਇਸਨੂੰ ਹਰ ਵਾਰੀ ਹੀ ਝੱਗਦਾ ਦਰਿਆ ਮਿਲਿਆ ਜੇ।

ਜ਼ਰਖ਼ੇਜ਼ੀ 'ਹਿਰਦੇ' ਨੂੰ ਸਿੰਜਿਆ ਹੈ ਬੈਸੰਤਰ ਨੇ,
ਤੱਪਦੀ ਨੂੰ ਹਰ ਵਾਰੀ ਠਗਦਾ ਦਰਿਆ ਮਿਲਿਆ ਜੇ।

*****

ਰੋਗਣ, ਸੋਗਣ ਮੈਂ ਵੀ ਯੋਗਣ ਕਿਤਿ-ਬਿਧਿ ਵੈਦ ਸਦਾਵਾਂ।
ਤੜਪੇ ਰੂਹ ਤੇ ਹੰਝੂ ਵਗ਼ਦੇ ਪੱਜ ਅਵੱਲੜੇ ਲਾਂਵਾਂ।

ਹੈ ਹਰੀ ਮੰਦਰ ਦੇਸ ਹਰੀ ਦਾ ਸਿਦਕ ਦੇ ਹਾਣੀ ਪੁੱਜਦੇ,
ਮਿਹਰਾਂ ਗੁਰ ਦੀਆਂ ਵਿਗਸਣ ਖ਼ਾਤਿਰ ਜੂਹ ਵਿਚ ਪੈਣ ਸਦਾਵਾਂ।

ਹਾੜ 'ਚ ਤਪਦੇ ਤਪਦੇ ਖਪ ਗਏ ਹਰੀ ਨਾਮ ਤੋਂ ਵਿਰਵੇ,
ਕੋਈ ਨਾ ਸੱਦ ਧੁਰਾਂ ਦੀ ਸੁਣਦੀ ਰੋਵਾਂ ਤੇ ਕੁਰਲਾਵਾਂ।

ਉਹਦੇ ਹੁਕਮ 'ਚ ਰਹਿਲਾਂ ਜੇਕਰ ਹੋਵਣ ਰੋਗ ਸਵੱਲੇ,
ਉਸ ਦਰ ਜਾਂਦੇ ਰਾਹੀਆਂ ਦੀ ਮੈਂ ਸੰਗਤ ਵਿਚ ਰਲ਼ ਜਾਵਾਂ।

ਖਿੱਚ ਪਈ ਤਰਬਾਂ ਗਈਆਂ ਕੱਸੀਆਂ ਅੰਗ-ਅੰਗ ਮੇਰਾ ਮੱਚੇ,
ਦੀਦ ਦੀ ਪਿਆਸੀ ਇਹ ਰੂਹ ਮੇਰੀ ਠਿੱਲ੍ਹ ਪਈ ਵਿਚ ਝਨਾਵਾਂ।

ਸ਼ਹੁ ਨਾ ਪੈਂਦਾ ਨਜ਼ਰੀਂ ਅੱਖੀਆਂ ਵਿੱਚੋਂ ਵਹਿੰਦਾ ਸਾਵਣ,
ਕੱਚੀ-ਪਿੱਲੀ ਧਰਤ ਨਿਮਾਣੀ ਅੰਕੁਰ ਕਿੰਞ ਫੁਟਾਵਾਂ।

ਰਾਹੇ-ਰਾਹ ਜਾਂਦੇ ਰਾਹੀਆਂ ਨੂੰ ਪੁੱਛਦੀ ਕਮਲੀ ਹੋਈ,
ਚਾਨਣੀਆਂ ਵਿਚ ਵੱਸਦਾ ਪ੍ਰੀਤਮ ਕਿੰਞ ਮੈਂ ਦਰਸ਼ਨ ਪਾਵਾਂ?

'ਹਿਰਦੇ' ਮੰਦਰ ਹਰੀ ਦਾ ਵਾਸਾ ਉਗਮਣ ਅਗੰਮ ਤਰੰਗਾਂ,
ਹੋਵੇ ਹਰਿਮੰਦਰ ਜੇ ਕਾਇਆ ਅੰਤਰਿ ਚੁੱਭੀ ਲਾਵਾਂ।

*****

ਪੈਰਾਂ ਦੇ ਵਿਚ ਝਾਂਜਰ ਪਾ ਕੇ ਨੱਚਾਂਗੇ।
ਦਿਲ ਦੀ ਹਰ ਇਕ ਰੀਝ ਪੁਗਾ ਕੇ ਨੱਚਾਂਗੇ।

ਗ਼ਮ ਜੀਵਨ ਦਾ ਸਰਗਮ, ਤਾਲ ਭੁਲਾ ਦਿੰਦਾ,
ਝੂਮ ਕੇ ਗਾ ਕੇ ਤਾਲ ਮਿਲਾ ਕੇ ਨੱਚਾਂਗੇ।

ਉਸ ਸ਼ਕਤੀ ਤੋਂ ਨਾਬਰ ਕਦੇ ਵੀ ਹੋਣਾ ਨਹੀਂ,
ਪਰਮਾਤਮ ਨੂੰ ਮਨ 'ਚ ਵਸਾ ਕੇ ਨੱਚਾਂਗੇ।

ਹੋਸ਼ 'ਚ ਰਹਿ ਕੇ ਨੱਚੇ ਤਾਂ ਫਿਰ ਕੀ ਨੱਚੇ?
ਦੀਨ-ਦੁਨੀ ਦੀ ਹੋਸ਼ ਭੁਲਾ ਕੇ ਨੱਚਾਂਗੇ।

ਬਾਝ ਖ਼ੁਦਾ ਦੇ ਏਥੇ ਕੋਈ ਦਰਦੀ ਨਾ,
ਉਸਨੂੰ ਸਾਰੇ ਦਰਦ ਸੁਣਾ ਕੇ ਨੱਚਾਂਗੇ।

ਮਸਤ ਸ਼ਰਾਬਾਂ ਪੀ ਕੇ ਨੱਚਣਾ ਹੋਇਆ ਕੀ?
ਬੁੱਲ੍ਹੇ ਵਾਲੀ ਮਸਤੀ ਪਾ ਕੇ ਨੱਚਾਂਗੇ।

ਦੁਨੀਆਂ ਰੱਬ ਵੰਡਦੀ ਏ ਤਾਂ ਵੰਡੀ ਜਾਏ?
ਅਸੀਂ ਤਾਂ ਹਰ ਇਕ ਰੱਬ ਦੇ ਨਾਂ 'ਤੇ ਨੱਚਾਂਗੇ।

ਪ੍ਰੇਮ ਦਿਵਾਨੀ ਰਾਧਾ ਬਣ ਕੇ ਜੀਅ ਲੈਣਾ,
ਮੀਰਾਂ ਦੀ ਖੜਤਾਲ ਵਜਾ ਕੇ ਨੱਚਾਂਗੇ।

ਸ਼ਿਕਵੇ-ਗ਼ਿਲੇ ਮਿਟਾ ਕੇ ਸਾਰੇ ਦਿਲ ਵਿੱਚੋਂ,
ਹਰ ਦਿਨ ਆਪਾਂ ਈਦ ਮਨਾ ਕੇ ਨੱਚਾਂਗੇ।

ਸ਼ਬਦਾਂ ਦੇ ਸੰਗ ਚੀਰਾਂਗੇ ਹਿੱਕ ਨ੍ਹੇਰੇ ਦੀ,
ਰਾਤ ਅਮਾਵਸ ਚੰਨ ਚੜ੍ਹਾ ਕੇ ਨੱਚਾਂਗੇ।

*****

ਪੁੱਛਨਾਂ ਏਂ ਸ਼ਾਮ ਕਾਤੋਂ, ਲੰਘੇ ਉਦਾਸ ਹੋ ਕੇ?
ਰਹਿਨਾਂ ਐਂ ਦੂਰ ਮੈਥੋਂ, ਮੇਰੇ ਈ ਪਾਸ ਹੋ ਕੇ।

ਮੁੜ ਆਂਵੇਂਗਾ ਅਗਰ ਤੂੰ, ਜੱਗ ਤੋਂ ਹਰਾਸ ਹੋ ਕੇ।
ਘੁਲ਼ਜਾਂਗੀ ਪਾਣੀਆਂ ਵਿਚ, ਤੇਰੀ ਹੀ ਪਿਆਸ ਹੋ ਕੇ।

ਜੋ ਸਾਥ ਵਿੱਚ ਤੇਰੇ, ਲੰਘਣ ਹੁਲਾਸ-ਸ਼ਾਮਾਂ,
ਤੇਰੇ ਬਿਨਾਂ ਜੋ ਲੰਘਣ, ਬੀਤਣ ਉਦਾਸ ਹੋ ਕੇ।

ਵਿੰਨੇ ਤੂੰ ਭਾਂਵੇਂ ਪੋਟੇ, ਕੀਤੀ ਹੈ ਖ਼ਾਰਾਂ ਵਾਂਗੂੰ,
ਰਹਿਨੀ ਆਂ ਤੇਰੀ ਖ਼ਾਤਿਰ, ਫ਼ੁੱਲਾਂ ਦੀ ਬਾਸ ਹੋ ਕੇ।

ਮੈਨੂੰ ਤੈਂ ਜਾਨ ਕਹਿ ਕਹਿ, ਲੈ ਲਈ ਤੈਂ ਜਾਨ ਮੇਰੀ,
ਸਾਹਾਂ 'ਚੋਂ ਕੱਢੀ ਖ਼ੁਸ਼ਬੂ, ਮੇਰੇ ਸੁਆਸ ਹੋ ਕੇ।

ਐ ਛੱਡ ਜਾਣ ਵਾਲੇ, ਰੱਖੀਂ ਇਹ ਗੱਲ ਚੇਤੇ,
ਤੇਰੇ ਮੈਂ ਚੇਤਿਆਂ ਵਿਚ, ਵੱਸਾਂਗੀ ਖ਼ਾਸ ਹੋ ਕੇ।

ਮੋਮ੍ਹਾਂ ਦੇ ਪਾਣੀਆਂ ਸੰਗ, ਸਿੰਜ ਜਾਵੀਂ ਰਿਸ਼ਤਿਆਂ ਨੂੰ,
ਸੁੱਕ ਜਾਵੇ ਨਾ ਕਿਤੇ ਇਹ, ਜੜ੍ਹ ਤੋਂ ਤਰਾਸ ਹੋ ਕੇ।

ਭਾਂਵੇਂ ਤੂੰ ਜਾਮ ਕਹਿ ਲੈ, ਅੰਮ੍ਰਿਤ ਸਮਝ ਲੈ ਮੈਨੂੰ,
ਇਕ ਵਾਰ ਪੀ ਲਵੇਂ ਜੇ, ਟੁੱਟ ਜਾਂ ਗ਼ਲਾਸ ਹੋ ਕੇ।

ਵਸਲਾਂ ਦੀ ਆਸ ਪੂਰਨ, ਜੇ ਤੂੰ ਆਇਆ ਨਾ ਤਾਂ,
ਇਸ ਤਨ 'ਚੋਂ ਰੂਹ ਦਾ ਪੰਛੀ, ਉਡਜੂ ਨਿਰਾਸ ਹੋ ਕੇ।

ਭਾਂਵੇਂ ਨੇ ਉਸਦੇ ਨਾਂ ਤੇ, 'ਹਿਰਦੇ' ਦੇ ਸਾਰੇ ਅੰਬਰ,
ਲੇਖਾਂ ਦੇ ਪਿੰਜਰੇ 'ਚ ਵੀ, ਸੋਚੇ ਅਗਾਸ ਹੋ ਕੇ।

*****

ਘੁੱਟ ਸਬਰ ਦੇ ਕੌੜੇ, ਜੇਕਰ ਨਿਗਲੇ ਨਾ ਹੁੰਦੇ।
ਜ਼ਿੰਦਗਾਨੀ ਦੇ ਸਫ਼ਰ ਵੀ, ਫਿਰ ਤਾਂ ਮਿੱਠੇ ਨਾ ਹੁੰਦੇ।

ਵਕਤ ਬਦਲਦੇ ਥੋੜ੍ਹੀ ਬਹੁਤੀ ਦੇਰ ਤਾਂ ਲੱਗਦੀ ਹੈ,
ਸਬਰ ਬਿਨਾਂ ਮੱਥੇ ਦੇ ਭਾਗ ਵੀ ਬਦਲੇ ਨਾ ਹੁੰਦੇ।

ਪਰਬਤ ਵੱਲ ਨੂੰ ਜਾਂਦੇ ਨੇ ਜੋ ਪਗ–ਡੰਡੀਆਂ ਤੇ ਸ਼ਾਹ–ਰਾਹ,
ਪੈਰਾਂ ਥੱਲੇ ਰਹਿਣ ਕਦੇ ਵੀ ਸਿਰ ’ਤੇ ਨਾ ਹੁੰਦੇ।

ਦਿਲ ਵਿਚ ਰੱਖੀਏ ਚਾਹਤ ਸਰਬੱਤ ਭਲੇ ਦੀ ਹੀ,
ਕਰਨ ਭਲਾਈ ਜੋ ਉਹਨਾਂ ਦੇ ਮੰਦੇ ਨਾ ਹੁੰਦੇ।

ਸਾਨੂੰ ਭਲਾ ਮੰਗਣ ਦਾ ਵੱਲ ਕਦੇ ਵੀ ਨਾ ਆਉਂਦਾ,
ਬੋਲ ਫਕੀਰਾਂ ਦੇ ਅਸਾਂ ਜੇਕਰ ਸਾਂਭੇ ਨਾ ਹੁੰਦੇ।

ਘਾਲਿ ਕਮਾਈ ’ਚੋਂ ਦਸਵੰਧ ਦੀ ਪਿਰਤ ਪੁਗਾਉਂਦੇ ਨਾ,
ਤਰਕ ਦੇ ਨਸ਼ਤਰ ਜੇਕਰ ਏਨੇ ਤਿੱਖੇ ਨਾ ਹੁੰਦੇ।

ਔਰੰਗਜ਼ੇਬ ਤੇ ਹਿਟਲਰ ਹੁਣ ਤੱਕ ਬੈਠੇ ਰਹਿਣੇ ਸਨ,
ਜੇਕਰ ਦਸਮੇਸ਼ੀ ਫ਼ੌਜਾਂ ਨੇ ਲਲਕਾਰੇ ਨਾ ਹੁੰਦੇ।

ਕਿਸ ਤੋਂ ਮਹਿਲ ਓਸਾਰ ਹੋਣਾ ਸੀ ਸਿੱਖੀ ਸਿਦਕਾਂ ਦਾ,
ਜੇ ਨੀਂਹਾਂ ਵਿਚ ਚਿਣੇ ਦਸਮੇਸ਼ ਦੁਲਾਰੇ ਨਾ ਹੁੰਦੇ।

ਹੁਸਨ ਮੁਹੱਬਤ ਹੋ ਜਾਣਾ ਸੀ ਕੈਦੀ ਬੁਰਕੇ ਦਾ,
ਸੁੰਦਰਤਾ ਦੇ ਚਾਰੋਂ ਤਰਫ਼ ਨਜ਼ਾਰੇ ਨਾ ਹੁੰਦੇ।

ਤੁਰ ਜਾਣਾ ਸੀ ਹੁਣ ਤਕ ਲੜ ਕੇ ਉਹਨੇ ‘ਹਿਰਦੇ’ ਸੰਗ,
ਜੇਕਰ ਆਪਾਂ ਉਸਦੇ ਬੋਲ ਪਿਆਰੇ ਨਾ ਹੁੰਦੇ।

*****

ਮੈਂ ਅਪਣੀ ਹੀ ਮੈਂ ਦੇ ਸਾਂਵ੍ਹੇਂ ਪਰਦੇ ਕੀਕਣ ਪਾਂਵਾਂ?
ਅਪਣੇ ਕਿਰਨ-ਕਸੀਦੇ ਕੱਢ ਕੇ ਔਗੁਣ ਕਿਵੇਂ ਲੁਕਾਂਵਾਂ?

ਮੈਂ ਤਾਂ ਬੌਣੀ ਹੋ ਜਾਨੀ ਆਂ ''ਮੈਂ'' ਅਪਣੀ ਦੇ ਸਾਂਵ੍ਹੇਂ,
ਅਪਣੀ ਉਸਤਤ ਤੇ ਸ਼ੋਹਰਤ ਦੇ ਦੋਹੇ ਕਿਵੇਂ ਸੁਣਾਵਾਂ?

ਮੈਂ ਹਰ ਰੋਜ ਜਿਬਾਹ ਹੁੰਨੀ ਆਂ ਮਨ ਦੇ ਮਕਤਲ ਉੱਤੇ,
ਭੱਜਣ ਦਾ ਜੇ ਜਤਨ ਕਰਾਂ ਤਾਂ ਕਿੰਜ ਦਰਦਾਂ ਨੂੰ ਗਾਂਵਾਂ?

ਜਰ ਲੈਨੀ ਆਂ ਤੁਹਮਤ ਸਿਰ 'ਤੇ ਹਰ ਇਕ ਗ਼ਲਤੀ ਦੀ ਮੈਂ,
ਕਾਫ਼ਿਰ ਹਾਂ ਫਿਰ ਕਿੰਜ ਖੜ੍ਹ ਕੇ ਮੈਂ ਨਾਰ੍ਹੇ ਧਰਮ ਦੇ ਲਾਵਾਂ?

ਦਿਲਤਾਂ ਵਿਚਾਰਾ ਇਸ ਦੋ-ਚਿੱਤੀ ਦੇ ਵਿਚ ਆ ਕੇ ਫਸ ਗਿਆ,
ਹੁਣ ਗ਼ਮ ਖ਼ੁਸ਼ੀ ਤੇ ਗੀਤ ਦਰਦ ਦੇ ਕੀਕਣ ਰਲ਼ ਕੇ ਗਾਂਵਾਂ?

ਹੁਣ ਤੱਕ ਜੀਵਨ ਪੁਸਤਕ ਦੇ ਨੇ ਖ਼ਾਲੀ ਪੰਨੇ ਪਲਟੇ,
ਖ਼ੁਰਦੇ ਸਾਵ੍ਹਾਂ ਵਿਚ ਇਸ ਦੇ ਅਰਥਾਂ ਨੂੰ ਕਿਵੇਂ ਰਲ਼ਾਂਵਾਂ?

ਨੱਪ-ਘੁੱਟ ਕੇ ਬੈਠੀ ਰਹੀ ਆਂ ਪੀੜ ਕਲੇਜੇ ਦੀ ਨੂੰ,
ਕਿਸਨੂੰ ਦੱਸਦੀ ਦਿਲ ਵੀ ਮੇਰਾ ਲੈਂਦਾ ਹੈ ਕਿੰਜ ਹਾਵਾਂ?

ਅਪਣਾ ਮੂਲ ਕਦੋਂ ਖੋ ਗਿਆ ਮੇਰੇ ਤੋਂ ਬਿੱਖੜੇ ਰਾਹੀਂ,
ਹੁਣ ਆਪੇ ਤੋਂ ਸੱਖਣੀ 'ਹਿਰਦੇ' ਘਰ ਨੂੰ ਕੀਕਣ ਜਾਂਵਾਂ?

*****

ਚੁੱਪ ਨੂੰ ਸਮਝਣਾਉਣ ਲਈ ਵੀ ਅੱਖਰ ਟੋਲ਼ਦੇ ਨੇ।
ਭੇਦ ਚੁੱਪ ਦਾ ਖੋਲ੍ਹਣ ਦੇ ਲਈ ਕਿੰਨਾ ਬੋਲਦੇ ਨੇ?

ਇੱਕੋ ਬੂੰਦ ਜਿਉਂ ਸਾਗਰ ਦਾ ਦੱਸ ਦਿੰਦੀ ਹੈ ਵਿਸਤਾਰ,
ਅੱਥਰੂ ਅੱਖ ਦੇ ਦਿਲ ਵਾਲਾ ਸਭ ਭੇਦ ਖੋਲ੍ਹਦੇ ਨੇ।

ਉਹ ਅਪਣੇ ਹੀ ਜਾਲ ਦੇ ਅੰਦਰ ਫਸ ਜਾਂਦੇ ਆਖਰ,
ਜੋ ਭਰਨ ਉਡਾਰੀ ਪਹਿਲਾਂ ਪਿੱਛੋਂ ਖੰਭ ਤੋਲਦੇ ਨੇ।

ਸੱਚ ਲੱਭਣ ਤੁਰ ਗਏ ਸੀ ਜੋ ਮਾਨ-ਸਰੋਵਰ ਨੂੰ,
ਕਹਿੰਦੇ ਹੁਣ ਉਹ ਭੇਦ ਸੱਚ ਦੇ ਦਿਲ 'ਚੋਂ ਬੋਲਦੇ ਨੇ।

ਮਨ ਮਾਹਣੂੰ ਦਾ ਮੌਨ ਮੈਂ ਜਿੰਨਾ ਖ਼ੋਜਣ ਤੁਰਦੀ ਹਾਂ,
ਦੇਹ ਦੇ ਚਿੰਤਨ ਵਿਚ ਕਿੰਨੇ ਮਨ ਸੁਣਦੇ, ਬੋਲਦੇ ਨੇ।

ਪਹਿਲਾਂ ਸੱਚ ਨੂੰ ਕੈਦ ਕਰਦੇ ਸ਼ਬਦ ਦੇ ਪਿੰਜਰੇ ਵਿਚ,
ਬੇਦ-ਕਤੇਬਾਂ ਵਿੱਚੋਂ ਫਿਰ ਵਿਸਤਾਰ ਫੋਲ਼ਦੇ ਨੇ।

ਮੁੱਠੀਆਂ ਵਿਚ ਬੰਦ ਕਰਨ ਲਈ ਧਰਤੀ ਅਕਾਸ਼ ਨੂੰ ਉਹ,
ਸ਼ਬਦ ਤਰੱਕੇ ਹੋਏ ਮੂੰਹਾਂ ਵਿੱਚ ਪਪੋਲ਼ਦੇ ਨੇ।

ਮਨ ਦੀਆਂ ਤਹਿਆਂ ਵਿੱਚੋਂ ਲੱਭਣ ਸੁੱਚੇ ਮੋਤੀ ਜੋ,
ਮੌਨ ਮਨਾਂ ਦੀਆਂ ਤਹਿਆਂ ਬਹਿ ਕੇ ਰੋਜ਼ ਫ਼ਰੋਲ਼ਦੇ ਨੇ।

ਲੱਭਣ ਗਏ ਜੋ ਉਸਨੂੰ ਉਹ ਨਾਂ ਮੁੜ ਘਰੀਂ ਪਰਤੇ,
ਅਪਣਾ ਮੂਲ ਪਛਾਣਦੇ 'ਹਿਰਦੇ' ਕਦੇ ਨਾ ਡੋਲਦੇ ਨੇ।

*****

ਗ਼ਲਤ ਹੱਥਾਂ ਵਿਚ ਧਰਮ ਦਾ ਸਕੂਲ ਪੈ ਗਿਆ।
ਤਾਂਹੀਓਂ ਦਇਆ ਦੇ ਅਸੂਲ ਨੂੰ ਵੀ ਸੂਲ ਪੈ ਗਿਆ।

ਕਰ ਲਿਆ ਅਗਵਾਹ ਸਭ ਕੁਛ ਖੁੰਢੀ ਸੋਚ ਨੇ,
ਕਿਹੜੇ ਰਾਹਵਾਂ ’ਤੇ ਮਨੁੱਖ ਦਾ ਅਸੂਲ ਪੈ ਗਿਆ?

ਮਰ ਜਾਂਦੀ ਹੈ ਜ਼ਮੀਰ ਜਦੋਂ ਮੂਲੋਂ ਬੰਦੇ ਦੀ,
ਸੂਰ ਗਊ ਸਭ ਬੰਦੇ ਨੂੰ ਕਬੂਲ ਪੈ ਗਿਆ।

ਅੱਖ ਅਮਨ ਦੀ ਚੁੱਭੀ ਪਾਠ ਪੜ੍ਹਿਆਂ ਅਹਿੰਸਾ,
ਇੱਥੇ ਗਿਆਨ ਦਾ ਭੰਡਾਰ ਵੀ ਸਥੂਲ ਪੈ ਗਿਆ?

ਪੂਜਾ ਕਰਦੇ ਹੱਥਾਂ ਨੂੰ ਉਹ ਵੀ ਤੱਕ ਕੇ ਹੈਰਾਨ,
ਹੁਕਮ ਹਾਕਮ ਦਾ ਕਿਸ ਤਰ੍ਹਾਂ ਅਦੂਲ ਪੈ ਗਿਆ?

ਮਜ਼੍ਹਬਾਂ ਦੀ ਆੜ ਹੇਠਾਂ ਸੋਚ ਜਿਬ੍ਹਾ ਹੋਈ ਜਾਵੇ,
ਨਿੱਕੀ-ਨਿੱਕੀ ਜਿਹੀ ਗੱਲ ’ਤੇ ਤੂਲ ਪੈ ਗਿਆ।

ਰੰਗ ਫ਼ੁੱਲਾਂ ਵਿੱਚੋਂ ਸੋਖ਼ ਕੇ ਜਿਓਣ ਤਿੱਤਲੀਆਂ,
ਖ਼ਾਤਿਰ ਉਹਨਾਂ ਦੀ ਹੀ ਜੂਨੀ ਬਨਫੂਲ ਪੈ ਗਿਆ।

ਪਰਤ ਨ੍ਹੇਰਿਆਂ ਦੀ ਕਿੰਨੀ ਮਜ਼ਬੂਤ ਹੋਈ ਹੈ,
ਪੁੱਠਾ ਚਾਨਣੇ ਨੂੰ ਓਸੇ ਦਾ ਅਸੂਲ ਪੈ ਗਿਆ।

*****

ਕੀਤੇ ਕੌਲ਼-ਕਰਾਰ ਦੇ ਬਾਰੇ ਸੋਚਿਆ ਕਰ।
ਐਂਵੇਂ ਨਾ ਸੰਸਾਰ ਦੇ ਬਾਰੇ ਸੋਚਿਆ ਕਰ।

ਯਾਦ ’ਚ ਵਾਸਾ ਹੋ ਜਾਏਗਾ ਚਾਨਣ ਦਾ,
ਇੱਕ ਸੱਚੀ ਸਰਕਾਰ ਦੇ ਬਾਰੇ ਸੋਚਿਆ ਕਰ।

ਮੜ੍ਹਿਆ ਕਰ ਨਾ ਦੋਸ਼ ਤੂੰ ਸਿਰ ’ਤੇ ਦੂਜਿਆਂ ਦੇ,
ਅਪਣੇ ਵੀ ਵਿਵਹਾਰ ਦੇ ਬਾਰੇ ਸੋਚਿਆ ਕਰ।

ਸਾਜ਼ਾਂ ਨੂੰ ਸੁਰ ਕਰਦਿਆਂ ਜ਼ਿੰਦਗੀ ਬੀਤ ਗਈ,
ਗੀਤ-ਤਰਜ਼ ਤੇ ਤਾਰ ਦੇ ਬਾਰੇ ਸੋਚਿਆ ਕਰ।

ਭੋਗਦਿਆਂ ਵੀ ਰਹਿਨੈਂ ਕਾਹਨੂੰ ਥੁੜ ਅੰਦਰ,
ਨੀਂਵੇਂ ਤੇ ਲਾਚਾਰ ਦੇ ਬਾਰੇ ਸੋਚਿਆ ਕਰ।

ਦਿਲ ਪੱਥਰ ’ਤੇ ਯਾਦ ਦੀ ਰੱਸੀ ਫੇਰੀ ਚੱਲ.
ਫਾਲਤੂ ਨਾ ਵਿਭਚਾਰ ਦੇ ਬਾਰੇ ਸੋਚਿਆ ਕਰ।

ਜੀਵਨ ਦੇ ਔਖੇ ਦਿਨ ਵੀ ਕੱਟੇ ਜਾਣੇ ਨੇ,
ਐਂਵੇਂ ਨਾ ਤਕਰਾਰ ਦੇ ਬਾਰੇ ਸੋਚਿਆ ਕਰ।

ਬੇ-ਰੁਖ਼ ਲੋਕਾਂ ਦੀ ਚਿੰਤਾ ਨੂੰ ਛੱਡ ‘ਹਿਰਦੇ’,
ਤੂੰ ਸੱਚੀ ਗ਼ੁਫ਼ਤਾਰ ਦੇ ਬਾਰੇ ਸੋਚਿਆ ਕਰ।

*****

ਇਸ਼ਕ ਦੇ ਖ਼ਾਰੇ ਸਾਗਰ ਤਰ ਕੇ ਵੇਖ ਲਿਆ।
ਪੀੜ ਭੰਵਰ ਵਿੱਚ ਡੁੱਬ ਕੇ ਮਰ ਕੇ ਵੇਖ ਲਿਆ।

ਮੈਂ ਤਾਂ ਤੇਰੀਆਂ ਗ਼ਲੀਆਂ ਦੇ ਵਿਚ ਪੁੱਜਣ ਲਈ,
ਅੱਗ ਦੀਆਂ ਨਦੀਆਂ ਨੂੰ ਵੀ ਤਰ ਕੇ ਵੇਖ ਲਿਆ।

ਇਸ਼ਕ ਦੀ ਮੰਜ਼ਿਲ ਪਾਉਣੀ ਕਿਹੜੀ ਸੌਖੀ ਸੀ,
ਰਾਹਾਂ ਦਾ ਹਰ ਕੰਡਾ ਜਰ ਕੇ ਵੇਖ ਲਿਆ।

ਦੁਸ਼ਮਣ ਨੇ ਤਾਂ ਮੈਨੂੰ ਕਿੰਜ ਹਰਾਉਣਾ ਸੀ?
ਮਿੱਤਰਾਂ ਦੇ ਹੀ ਪਿਆਰ ’ਚ ਹਰ ਕੇ ਵੇਖ ਲਿਆ।

ਕੋਈ ਕਿਨਾਰਾ ਰਿਹਾ ਨਾ ਦਿਲ ਦੇ ਸਾਗਰ ਦਾ,
ਡੂੰਘੇ ਪਾਣੀਆਂ ਵਿੱਚ ਉੱਤਰ ਕੇ ਵੇਖ ਲਿਆ।

ਦੁੱਖ ਸੁੱਖ ਜ਼ਿੰਦੜੀ ਦੇ ਸਿੱਕੇ ਦੇ ਦੋ ਪਾਸੇ,
ਇਸ ਭਵਜਲ ’ਚੋਂ ਬਾਹਰ ਉਭਰ ਕੇ ਵੇਖ ਲਿਆ।

ਹੋ ਗਈ ਹੈ ਹੁਣ ਜ਼ਿੰਦਗੀ ਖਿੜੇ ਗ਼ੁਲਾਬ ਜਿਹੀ,
ਕੰਡਿਆਂ ਨੇ ਹਰ ਸਿਤਮ ਵੀ ਕਰ ਕੇ ਵੇਖ ਲਿਆ।

ਪਿਆਰ ਤੇਰੇ ਦੀ ਮਹਿਕ ਨੇ ਕੈਦ ਨਹੀਂ ਹੋਣਾ,
ਲੱਖਾਂ ਵਲ਼ਗਣਾਂ ਦੇ ਵਿਚ ਭਰ ਕੇ ਵੇਖ ਲਿਆ।

ਸੂਰਜ ਦੀ ਹਰ ਕਿਰਨ ਵਜੂਦ ’ਚ ਹੈ ਮੇਰੇ,
ਉਸਦਾ ਚਾਨਣ ‘ਹਿਰਦੇ’ ਭਰ ਕੇ ਵੇਖ ਲਿਆ।

*****

ਦੀਵਿਆਂ ਵਿਚ ਤੇਲ ਪਾਓ ਰੌਸ਼ਨੀ ਹੋ ਜਾਏਗੀ।
ਜਗਮਗਾਂਦੀ ਸ਼ੱਮਾਅ ਵਾਂਗੂੰ ਜ਼ਿੰਦਗੀ ਹੋ ਜਾਏਗੀ।

ਯਾਦਾਂ ਦੇ ਖੰਡਰ ਦੇ ਵਿੱਚੋਂ ਆ ਰਹੀ ਨੀਰਸ ਹਵਾ,
ਤੇਰੇ ਹੋਠਾਂ ਤਾਈਂ ਛੂਹ ਕੇ ਰਾਗ਼ਨੀ ਹੋ ਜਾਏਗੀ।

ਮੇਰੇ ਗ਼ਲ ਲਗ ਲਗ ਕੇ ਰੋਏਗੀ ਇਹ ਧੀਆਂ ਵਾਂਗ ਹੀ,
ਕੀ ਪਤਾ ਸੀ ਮੌਤ ਏਨੀ ਲਾਡਲੀ ਹੋ ਜਾਏਗੀ?

ਹਿਜਰ ਵਿਚ ਏਨੇ ਵਗ਼ੇ ਅੱਖੀਆਂ ਦੇ ਵਿੱਚੋਂ ਅੱਥਰੂ,
ਇਲਮ ਨਾ ਸੀ ਹੁੰਦੇ ਹੁੰਦੇ ਇਹ ਨਦੀ ਹੋ ਜਾਏਗੀ।

ਚਾਂਦੀ ਰੰਗੇ ਉਸ ਬਦਨ ਦਾ ਇਹ ਕਰਿਸ਼ਮਾ ਹੋਏਗਾ,
ਹਰ ਹਨ੍ਹੇਰੀ ਰਾਤ ਪਲ ਵਿਚ ਚਾਂਦਨੀ ਹੋ ਜਾਏਗੀ।

ਰੰਗ-ਬਹੁਰੰਗੀ ਤੇ ਖ਼ੁਸ਼ਬੂਦਾਰ ਹੈ ਮਾਂ ਦੀ ਅਸੀਸ,
ਜਦ ਵੀ ਮਹਿਕੀ ਤਾਂ ਇਹ ਸਿਹਰੇ ਦੀ ਲੜੀ ਹੋ ਜਾਏਗੀ।

ਅਪਣੇ ਹੀ ਕਰਮਾਂ ਦੀ ਹੈ ਦੁੱਖ-ਸੁੱਖ ਦੀ ਮਾਲਾ ਵੀ ਇਹ,
ਸਮਝ ਜਾਓਗੇ ਤਾਂ ਖ਼ੁਦ ਸੰਗ ਦੋਸਤੀ ਹੋ ਜਾਏਗੀ।

ਇਹ ਅਕੀਦਤ ਹੈ ਤੇਰੀ ਕਿ ਤੂੰ ਹੀ ਕਾਬਿਲ ਹੈਂ ਇਦ੍ਹੇ,
ਹਰ ਸਖ਼ੀ ਵੀ ਨਾਲ ਤੁਰ ਕੇ ਮਾਨਵੀ ਹੋ ਜਾਏਗੀ।

ਮਨ ਦੀਆਂ ਸੋਚਾਂ ਦੇ ਪੈਰੀਂ ਮੇਰੂ ਮਣਕਾ ਸਾਧ ਲੈ,
ਸਧ ਕੇ ਹਰ ਸੱਧਰ ਤੇਰੀ ਵੀ ਸਾਧਵੀ ਹੋ ਜਾਏਗੀ।

ਹਰ ਕੋਈ ਪਹਿਨੇਗਾ ਇਸਨੂੰ 'ਹਿਰਦੇ' ਦਾ ਵਿਸ਼ਵਾਸ ਹੈ,
ਮੇਰੀ ਲਿਖੀ ਹਰ ਗ਼ਜ਼ਲ ਹੀ ਮੁੰਦਰੀ ਹੋ ਜਾਏਗੀ।

*****

ਤਲੀਆਂ 'ਤੇ ਦੀਪ ਜਲਾਇਆ ਹੈ।
ਵਿਚ ਖ਼ੂਨ ਜਿਗਰ ਦਾ ਪਾਇਆ ਹੈ।

ਮਨ ਵਿੱਚ ਮਰੂਆ ਉੱਗ ਆਇਆ,
ਜਿਸਮ ਮੇਰਾ ਮਹਿਕਾਇਆ ਹੈ।

ਪ੍ਰੀਤਾਂ ਦੇ ਸਰਵਰ ਵਿਚ ਘੁਲ਼ਿਆ,
ਸ਼ੋਖ਼ ਰੰਗਾਂ ਦਾ ਸਾਇਆ ਹੈ।

ਰੰਗ ਕਾਲ਼ਾ ਹੋਇਆ ਹਿਜਰਾਂ ਵਿਚ,
ਪਾਕਿ ਰੰਗਾਂ ਦਾ ਸਾਇਆ ਹੈ।

ਜੋ ਘੁਲ਼ੀ ਹੈ ਸੁੱਚੇ ਪਾਣੀ ਵਿਚ,
ਇਹ ਕਿਸ ਬਿਰਹਨ ਦੀ ਕਾਇਆ ਹੈ।

ਛਮ ਛਮ ਛਮ ਅੱਖੀਆਂ ਵਰਸਦੀਆਂ,
ਕੇਹਾ ਦਰਦ ਨੇ ਮੀਂਹ ਵਰ੍ਹਾਇਆ ਹੈ।

ਚੰਨ ਪੁੰਨਿਆਂ ਦਾ ਹਰ ਰਾਤ ਮੇਰੀ,
ਤੇਰੇ ਬਿਨ ਕਾਲ਼ਾ ਸਾਇਆ ਹੈ।

ਮੈਂ ਬੂੰਦ ਬੂੰਦ ਲਈ ਤਰਸ ਰਹੀ,
ਤੂੰ ਨਦੀ ਨੂੰ ਪਿੰਜਰੇ ਪਾਇਆ ਹੈ।

ਅਜੇ ਵਫ਼ਾ ਜਿਉਂਦੀ 'ਹਿਰਦੇ' ਦੀ,
ਭਾਂਵੇਂ ਅੰਗ ਅੰਗ ਕੁਮਲਾਇਆ ਹੈ।

*****

ਰੰਗਾਂ ਵਿੱਚੋਂ ਆਉਂਦੀਆਂ ਮਹਿਕਾਂ।
ਖ਼ੁਸ਼ੀਆਂ ਨਾਲ ਲਿਆਉਂਦੀਆਂ ਮਹਿਕਾਂ।

ਮਨ ਮਸਤੀ ਵਿਚ ਲਾਲ-ਗ਼ੁਲਾਲੀ,
ਹੋਲੀ ਰੰਗ ਖਿੰਡਾਉਂਦੀਆਂ ਮਹਿਕਾਂ।

ਹੋਲੇ-ਮੁਹੱਲੇ ਦੇ ਰੰਗ ਖ਼ਾਲਸ,
ਖੇਡ ਨੇ ਅਗੰਮ ਰਚਾਉਂਦੀਆਂ ਮਹਿਕਾਂ।

ਚਿੱਕੜ ਗੋਹਿਆਂ ਵਾਲੀ ਹੋਲੀ,
ਕਿਸੇ ਨਾ ਇਹ ਮਨ ਭਾਉਂਦੀਆਂ ਮਹਿਕਾਂ।

ਪੱਕੀਆਂ ਫ਼ਸਲਾਂ ਦੇ ਨੇ ਮੇਲੇ,
ਘਰੀਂ ਬਹਾਰ ਖਿੜਾਉਂਦੀਆਂ ਮਹਿਕਾਂ।

ਭੰਗ ਨਸ਼ੇ ਦੀ ਬੇ-ਸੁਰਤੀ ਵਿਚ,
ਮੈਲ਼ੇ ਰੰਗ ਫੈਲਾਉਂਦੀਆਂ ਮਹਿਕਾਂ।

ਖ਼ਰਮਸਤੀ ਦੇ ਅਰਥ ਨੇ ਬਦਲੇ,
ਹੁਣ ਖ਼ਤਰੇ ਵਿੱਚ ਆਉਂਦੀਆਂ ਮਹਿਕਾਂ।

ਰੰਗ ਬਸੰਤੀ ਚੋਲ਼ੇ ਵਾਲੇ,
'ਹਿਰਦੇ' ਤੋਂ ਰੰਗਵਾਉਂਦੀਆਂ ਮਹਿਕਾਂ।

'ਹਿਰਦੇ' ਨਫ਼ਰਤ, ਪਿਆਰ ਤੇ ਵਹਿਸ਼ਤ,
ਹਰ ਇਕ ਰੰਗ ਨਹਾਉਂਦੀਆਂ ਮਹਿਕਾਂ।

ਆਜ ਹਮਾਰੇ ਗ੍ਰਿਹਿ ਮਹਿ ਫਾਗੁਣ,
'ਹਿਰਦੇ' ਮੇਲ ਕਰਾਉਂਦੀਆਂ ਮਹਿਕਾਂ।

*****

ਮਨ ਦੀਆਂ ਪਰਤਾਂ ਖੋਲ੍ਹ ਰਿਹਾ।
ਸ਼ੀਸ਼ਾ ਝੂਠ ਨਾ ਬੋਲ ਰਿਹਾ।

ਚਿਹਰੇ ਦੀ ਅਸ਼ਨਾਈ ਦਾ ਵੀ,
ਪਾ ਸ਼ੀਸ਼ਾ ਹੀ ਮੋਲ ਰਿਹਾ।

ਪਰ ਕੁਤਰੇ ਵੇਖ ਕੇ ਨਾਰੀ ਦੇ,
ਹਰ ਕੋਈ ਪਰ ਹੈ ਤੋਲ ਰਿਹਾ।

ਵਾਰੀ ਆਈ ’ਤੇ ਤੁਰ ਜਾਣਾ,
ਧਰਮਰਾਜ ਲੱਗ ਕੋਲ ਰਿਹਾ।

ਸ਼ਬਦਾਂ ਵਿਚ ਕੀ ਭਾਵ ਛਿਪੇ?
ਕੋਈ ਨਾ ਕਰ ਪੜਚੋਲ ਰਿਹਾ।

ਹੈ ਜਦੋਂ ਹਾਦਸਾ ਵਾਪਰਦਾ,
ਸਿਸਟਮ ਦੀ ਖੋਲ੍ਹ ਪੋਲ ਰਿਹਾ।

ਪਾਣੀ ਧਰਤੀ ਲਈ ਜੀਵਨ,
ਸਭ ਲਈ ਨਾ ਸਮਤੋਲ ਰਿਹਾ।

ਅਹਿਦ ਪਾਣੀ ਤੇ ਮਿੱਟੀ ਦਾ,
ਮਨ ਅਤ੍ਰਿਪਤੀ ਡੋਲ ਰਿਹਾ।

ਰੱਖਿਆ ਸਾਂਭ ਕੇ ਅਕਸ ਤੇਰਾ,
ਚੁੱਪ ਜਿਹੀ ਭਾਸ਼ਾ ਬੋਲ ਰਿਹਾ।

ਬੰਦਿਸ਼ ਮੂੰਹ ’ਤੇ ਬੋਲਣ ਦੀ,
‘ਹਿਰਦੇ’ ਕੋਈ ਨਾ ਟੋਲ਼ ਰਿਹਾ।

*****

ਸਾਂਝ ਦਾ ਉਪਦੇਸ਼ ਹੁੰਦੇ, ਹੋ ਰਿਹਾ ਕਿਉਂ ਕਹਿਰ ਹੈ?
ਮਿੱਠੀਆਂ ਗੱਲਾਂ 'ਚ ਦਿੱਸਦੀ, ਹਰ ਸਮੇਂ ਹੀ ਜ਼ਹਿਰ ਹੈ।

ਹੈ ਤਿਰੰਗਾ ਵਤਨ ਦਾ ਸਭ, ਦਾ ਹੀ ਸਾਂਝਾ ਰੰਗ ਜੇ,
ਫੇਰ ਇੱਕ ਦਾ ਰੰਗ ਦੂਜੇ, ਦੇ ਲਈ ਕਿਉਂ ਕਹਿਰ ਹੈ?

ਵਾਸਦਿੱਲੀ ਕਰਨ ਦਾ ਮਿਲਿਆ ਨਫ਼ਾ ਬੇ-ਗ਼ੈਰਤਾ,
ਕਾਲ ਬਣ ਗਈ ਕਾਲ ਜਿੱਥੇ, ਕਿਸ ਤਰ੍ਹਾਂ ਦਾ ਸ਼ਹਿਰ ਹੈ?

ਲੋਕ ਸ਼ਾਤਰ ਸੱਤਾ ਪਾ ਕੇ, ਲੁੱਟ ਲੈਂਦੇ ਦੇਸ਼ ਨੂੰ,
ਲੋਕ ਰੋਂਦੇ ਕੁੱਲੀਆਂ ਵਿਚ, ਸਦ ਗ਼ਮਾਂ ਦੀ ਲਹਿਰ ਹੈ।

ਸਾਇੰਸ ਰੌਸ਼ਨ ਕਰ ਰਹੀ ਹੈ, ਘਰ ਤੁਹਾਡੇ ਫੇਰ ਵੀ,
ਸੋਚ 'ਚੋਂ ਪਰ ਕਿਉਂ ਨਾ ਉੱਡੀ, ਨਫ਼ਰਤਾਂ ਦੀ ਗਹਿਰ ਹੈ?

ਤੰਗ ਲੋਕੀਂ ਨਸਲ ਭੇਦੋਂ, ਤੇ ਜਨੂੰਨੀ ਸਿਤਮ ਤੋਂ,
ਨਾ-ਉਮੀਦੀ ਮੁਲਖ਼ਈਏ ਦੇ, ਲਈ ਤਰੱਕੀ ਠਹਿਰ ਹੈ।

ਆ ਜਾ ਕਰੀਏ ਦੋਸਤਾ ਕੁਛ, ਅਮਨ ਦੀ ਗੱਲ-ਬਾਤ ਵੀ,
ਤੇਰਾ ਮੇਰਾ ਵਸਲ ਵੀ ਹੁਣ, ਲੋਚਦਾ ਹਰ ਸ਼ਹਿਰ ਹੈ।

ਦਿਲ 'ਚ ਹੱਦੋਂ ਵੱਧ ਗਈ ਹੈ, ਪਿਆਰ ਦੀ ਵੀ ਜੁਸਤਜੂ,
ਸ਼ਹਿਰ ਅਸਾਂ ਦੇ ਵਗ਼ਦੀ ਹੁਣ, ਇਸ਼ਕ ਦੀ ਇਕ ਨਹਿਰ ਹੈ।

ਜੇ ਸਦੀਵੀ ਅਮਨ ਆਵੇ, ਚੈਨ ਵੀ ਸਕੂਨ ਵੀ,
ਸ਼ੁੱਧ 'ਹਿਰਦੇ' ਹੋਵੇ ਸਭ ਦਾ, ਲਹਿਰਾਂ ਸੰਗ ਤਾਂ ਬਹਿਰ ਹੈ।

*****

ਚੰਨ ਵਧੇ ਜਾਂ ਘਟੇ, ਇਹਨਾਂ ਤਾਰਿਆਂ ਨੂੰ ਕੀ?
ਇਹਨਾਂ ਖ਼ੁਸ਼ੀ 'ਚ ਵੀ ਵਹਿਣਾਂ, ਹੰਝੂ ਖ਼ਾਰਿਆਂ ਨੂੰ ਕੀ?

ਜੋੜੀ ਕਿੰਨੀ ਹੈ ਪਿਆਰੀ, ਹੰਝੂਆਂ ਤੇ ਹਾਸੇ ਦੀ,
ਉਹਨਾਂ ਖ਼ੁਸ਼ੀ 'ਚ ਲਪੇਟੇ, ਪਲਾਂ ਭਾਰਿਆਂ ਨੂੰ ਕੀ?

ਪਹਿਰਾ ਦਿੰਦੇ ਨ੍ਹੇਰਿਆਂ 'ਤੇ, ਨਾਲੇ ਕਰਨ ਸਰਦਾਰੀ,
ਇਹ ਨੇ ਸੂਰਜ ਦੇ ਭਾਈ, ਚੰਨ ਤਾਰਿਆਂ ਨੂੰ ਕੀ?

ਪੱਕੇ ਮਹਿਲਾਂ ਵਿਚ ਰਹਿੰਦੇ ਨੇ ਜੋ ਕੱਚੇ-ਪਿੱਲੇ ਲੋਕ,
ਉਹ ਮਰਨ ਜਾਂ ਜਿਓਣ, ਛੰਨਾਂ-ਢਾਰਿਆਂ ਨੂੰ ਕੀ?

ਉਹ ਭੁੱਲ ਗਏ ਨੇ ਸਾਨੂੰ, ਕਿ ਅਜੇ ਕਰਦੇ ਨੇ ਯਾਦ,
ਇਹਨਾਂ ਗੱਲਾਂ ਨਾਲ ਇਸ਼ਕੇ 'ਚ ਹਾਰਿਆਂ ਨੂੰ ਕੀ?

ਕੀ ਹੈ ਬੀਤਦੀ ਦਿਲਾਂ 'ਤੇ, ਇਹ ਨਹੀਂ ਵੇਖਦੇ ਪਰਤ,
ਕੋਈ ਰੋਵੇ ਕੋਈ ਹੱਸੇ, ਹਰਕਾਰਿਆਂ ਨੂੰ ਕੀ?

ਅਸਮਾਨਾਂ ਵਾਲੀ ਕਿਧਰੇ ਜੇ, ਹੱਦ ਮੁੱਕੂ ਤਾਂ ਵੀਂ,
ਦਿਸਹੱਦਿਆਂ 'ਤੇ ਪੈਂਦੇ, ਲਿਸ਼ਕਾਰਿਆਂ ਨੂੰ ਕੀ?

ਥੱਕ ਭਾਲ ਲੈਂਦਾ ਸੂਰਜ ਵੀ, ਜਾ ਕੇ ਧਰਤੀ ਦੀ ਓਟ,
ਜੇ ਕੰਮ ਬਾਕੀ, ਥੱਕੇ-ਹਾਰਿਆਂ ਨੂੰ ਕੀ?

ਪਾ ਜਾਂਦਾ ਏ ਕਦੇ ਤਾਂ 'ਹਿਰਦੇ, ਦੁੱਖ 'ਚੋਂ ਸਕੂਨ,
ਖ਼ੁਸ਼ੀ ਖੇੜਿਆਂ ਦੇ ਨਾਲ, ਬਿਰਹੋਂ ਮਾਰਿਆਂ ਨੂੰ ਕੀ?

*****

ਦੇਸ਼ ਦੀ ਮਿੱਟੀ ਲਈ ਮਨ ਪ੍ਰੀਤ ਹੈ।
ਦੇਸ਼ ਭਗਤੀ ਦਾ ਲਬਾਂ ’ਤੇ ਗੀਤ ਹੈ।

ਜਿੱਥੇ ਆਪਾ ਵਾਰਨੇ ਦੀ ਰੀਤ ਹੈ।
ਦੇਸ਼ ਦੀ ਮਿੱਟੀ ਅਸਾਡੀ ਮੀਤ ਹੈ।

ਪਾਲ਼ਦੇ ਮਾਪੇ ਜੁਝਾਰੂ ਪੁੱਤ ਨੇ,
ਹੱਸ ਕੇ ਆਪਾ ਵਾਰਦਾ ਅਜੀਤ ਹੈ।

ਖ਼ੂਨ ਭਿੱਜਾ ਹਰ ਸਫ਼ਾ ਇਤਿਹਾਸ ਦਾ,
ਗ਼ੌਰਵਮਈ ਇਹ ਅਸਾਂ ਦਾ ਅਤੀਤ ਹੈ।

ਮਨ ਦਾ ਹਰਿਆ ਹਾਰ ਜਾਂਦਾ ਜ਼ਿੰਦਗੀ,
ਜਿੱਤ ਜਾਵੇ ਜੇ ਮਨੋਂ ਜੱਗ ਜੀਤ ਹੈ।

ਮਰਦਾ ਉਹ ਜੋ ਭੱਜ ਜਾਂਦਾ ਜੰਗ ’ਚੋਂ,
ਮਰ ਕੇ ਵੀ ਹੋ ਜਾਂਦਾ ‘ਅਮਰ’ ਅਜੀਤ ਹੈ।

ਰਿਦਮ ਸੰਗ ਭਰਪੂਰ ਹੈ ਹਰ ਸੂ ਫ਼ਿਜ਼ਾ,
ਹਰ ਕਲਾ ਕੁਦਰਤ ਦੀ ਵਿਚ ਸੰਗੀਤ ਹੈ।

ਹਰਿਕ ਗੱਲ ਹੀ ਕਵਿਤਾ ਹੋ ਜੇ ਓਸਦੀ,
‘ਹਿਰਦੇ’ ਦੀ ਹਰ ਕਵਿਤਾ ਵਿਚ ਪਰ ਗੀਤ ਹੈ।

ਰਾਸ ਆਉਣਾ ਹੀ ਸੀ ਹਰ ਕੰਮ ਓਸ ਨੂੰ,
‘ਹਿਰਦੇ’ ਦੀ ਜਦ ਸੋਚ ਨਵੀਓਂ ਨੀਤ ਹੈ।

*****

ਛਣ-ਛਣ ਕਰਦੀ ਅੰਦਰ ਬਾਹਰ ਪੈਰ ਟਿਕਾਵੇ।
ਸੱਜ ਵਿਆਹੀ ਝਾਂਜਰ ਉਹਦੀ ਜਸ਼ਨ ਮਨਾਵੇ।

ਚੁੱਪ ਤੋੜੇ ਨੂੰਹ ਸੁੰਨੇ ਘਰ ਦੀਆਂ ਕੰਧਾਂ ਦੀ ਹੁਣ,
ਜਦ ਉਹ ਮੰਮੀ ਆਖ ਕੇ ਮੈਨੂੰ ਆਣ ਬੁਲਾਵੇ।

ਘੁੱਗੀ ਵਰਗੀ ਗੁਟਰ-ਗੁਟਰਗੂੰ ਉਹਦੀ ਸੁਣ ਕੇ,
ਤਹਿਆਂ ਦੇ ਵਿਚ ਜੰਮੀ ਪੀੜਾ ਸਰਕਦੀ ਜਾਵੇ।

ਕੱਚ ਟੁੱਕੜੇ ਕੁਛ ਧਰੇ ਪਏ ਨੇ ਪੰਨਿਆਂ ਉੱਤੇ,
ਨੰਗੇ ਪੈਰੀਂ ਜਾਂਦੀ ਨੂੰ ਫੜ੍ਹ ਮੋੜ ਲਿਆਵੇ।

ਭਰਿਆ ਹਰ ਕੋਨਾ ਲਗਦਾ ਮੇਰੇ ਅੰਦਰ ਦਾ,
ਰੂਹ ਦਾ ਸੱਖਣਾ-ਪਨ ਹੋ ਸਕਦਾ ਹੁਣ ਭਰ ਜਾਵੇ।

ਹੋ ਸਕਦਾ ਉਹਦੇ ਮਨ ਦੀ ਮਿੱਟੀ ਕੋਰੀ ਦੇ ਵਿਚ,
ਪਿਆਰ ਮੇਰੇ ਦਾ ਸੰਦਲੀ ਬੂਟਾ ਉੱਗ ਹੀ ਆਵੇ।

ਸੁਖ਼ਨ ਨੂੰ ਦਾਅਵਤ ਦਿੰਦੀ ਉਹਦੇ ਪੈਰ ਦੀ ਝਾਂਜਰ,
ਮਨ ਦਾ ਮੋਰਨਾ ਝਾਂਜਰ ਤਾਲ ’ਤੇ ਪੈਲਾਂ ਪਾਵੇ।

ਪਿਆਰ ਦਾ ਝਰਨਾ ਸੁੱਕ ਗਿਆ ਸੀ ਔੜਾਂ ਵਿਚ ਜੋ,
ਬੰਦ ਸਰੋਤ ਪਿਆ ‘ਹਿਰਦੇ’ ਦਾ ਖੁੱਲ੍ਹ ਹੀ ਜਾਵੇ।

*****

ਜੇ ਤੂੰ ਮੇਰੇ ਨਾਲ ਨਹੀਂ।
ਜੀਵਨ ਵਿਚ ਸੁਰਤਾਲ ਨਹੀਂ।

ਤੈਥੋਂ ਵਿੱਛੜ ਕੇ ਖਿੰਡ ਗਈ,
ਝਾਂਜਰ ਵਿਚ ਵੀ ਤਾਲ ਨਹੀਂ।

ਦੀਦ ਤੇਰੀ ਤਾਂ ਹੋ ਜਾਵੇ,
ਚਾਹਤ ਮੇਰੀ ਕਮਾਲ ਨਹੀਂ।

ਨਮ ਨਹੀਂ ਜੇ ਅੱਖ ਤੇਰੀ,
ਦਿਲ ਵਿਚ ਉਹਦਾ ਖ਼ਿਆਲ ਨਹੀਂ।

ਇਸ਼ਕ ਦੇ ਸਦਕੇ ਜਿੰਦਾ ਹਾਂ,
ਹੁਨਰ ਦਾ ਇਹ ਕਮਾਲ ਨਹੀਂ।

ਤੈਨੂੰ ਪਾ ਕੇ ਹੁਣ ਸਾਡੀ,
ਦਰਦਾਂ ਸੰਗ ਭਿਆਲ ਨਹੀਂ।

ਡੁੱਬੀ ਹਾਂ ਮੈਂ ਤੇਰੇ ਵਿਚ,
ਬਾਹਰ ਕਿਧਰੇ ਭਾਲ ਨਹੀਂ।

ਸੁੱਖ ਵਿਚ ਭੁੱਲ ਜਾਂ, ਹੋ ਸਕਦੈ,
ਦੁੱਖ ’ਚ ਭੁੱਲਾਂ, ਸਵਾਲ ਨਹੀਂ।

ਬਦਲੇ ਕੁਛ ਗੁਸਤਾਖ਼ੀਆਂ ਦੇ,
ਦੇਹ ਦਰਸ਼ਨ ਤੂੰ ਟਾਲ਼ ਨਹੀਂ।

ਉਲਫ਼ਤ ਤੇ ਰੁਸਵਾਈ ਦਾ,
ਆਪਸ ਵਿਚ ਕੋਈ ਤਾਲ ਨਹੀਂ।

ਕਿੰਜ ਮੁਕੰਮਲ ਹੋ ਪਾਂਵਾਂ,
ਜਦ ਤਾਈਂ ਤੂੰ ਨਾਲ ਨਹੀਂ।

ਤੈਥੋਂ ਚੰਗਾ ਹੈ ਕੋਈ,
ਸਾਡੇ ਚਿੱਤ-ਖ਼ਿਆਲ ਨਹੀਂ।

ਤੂੰ ਮੇਰਾ ਮੈਂ ਤੇਰੀ ਹਾਂ,
ਦਿਲ ਦਿਲ ਦੇ ਪਰ ਨਾਲ ਨਹੀਂ।

ਕੱਚੀ ਹੈ ਮੇਰੀ ਕਵਿਤਾ,
ਇਹ ਕੋਈ ਛੰਦ ਰੁਆਲ ਨਹੀਂ।

ਇੱਕੋ ਸ਼ਬਦ ਹੈ ਮੇਰੇ ਕੋਲ,
ਹੋਰ ਕੋਈ ਵੀ ਢਾਲ਼ ਨਹੀਂ।

ਸੱਚ ਉਜਾਗਰ ਹੋਵਣ ਦੇ,
ਭਰਮ ਕੋਈ ਵੀ ਪਾਲ਼ ਨਹੀਂ।

ਲੋਕਾਂ ਦੀ ਰੁਸਵਾਈ ਦਾ,
'ਹਿਰਦੇ' ਤਾਈਂ ਮਲਾਲ ਨਹੀਂ।

*****

ਤੇਰੇ ਨਾਲ ਬਿਤਾਏ ਦਿਨ।
ਮੁੜ-ਮੁੜ ਚੇਤੇ ਆਏ ਦਿਨ।

ਆਪਾਂ ਜਦੋਂ ਇਕੱਠੇ ਸਾਂ,
ਓਦੋਂ ਕਿਉਂ ਨਾ ਭਾਏ ਦਿਨ?

ਚੰਗੇ ਵੇਲੇ ਆਪਾਂ ਵੀ,
ਟਿੱਚਕਰ ਮਾਰ ਗਵਾਏ ਦਿਨ।

ਸਾਥੋਂ ਖ਼ੁਸ਼ੀਆਂ ਲੈ ਕੇ ਵੀ,
ਦਿੱਤੇ ਦਰਦ ਪਰਾਏ ਦਿਨ।

ਪੀੜਾਂ ਲੈ ਕੇ ਆਪਾਂ ਵੀ,
ਠੋਕਰ ਮਾਰ ਲੰਘਾਏ ਦਿਨ।

ਉੱਦਮ ਸਮੇਂ ’ਤੇ ਕੀਤਾ ਨਾ,
ਲੰਘ ਗਏ ਅਲਸਾਏ ਦਿਨ।

ਤੱਕ ਪਛਤਾਵੇ ਉਮਰਾਂ ਦੇ,
ਪਛਤਾਉਂਦੇ ਹਾਂ ਆਏ ਦਿਨ।

ਮਾਝੀ ਤਾਂ ਹੱਥ ਆਉਣਾ ਨਹੀਂ,
ਇਹ ਵੀ ਜਾਣ ਗਵਾਏ ਦਿਨ।

ਵੇਲਾ ਸੀ ਜਦ ਸਮਝਣ ਦਾ,
ਤੇਰੀ ਸਮਝ ਨਾ ਆਏ ਦਿਨ।

ਰੰਗ-ਰੰਗੀਲੀ ਦੁਨੀਆਂ ਦੇ,
ਰੰਗ ਨਵੇਂ ਨਵਿਆਏ ਦਿਨ।

ਹੱਥੀਂ ਦਿੱਤੀਆਂ ਗੰਢਾਂ ਨੂੰ,
ਦੰਦਾਂ ਨਾਲ ਖੁਲ੍ਹਾਏ ਦਿਨ।

ਸਾਡੇ ਵਿਚ ਦੀਵਾਰ ਬਣੇ,
ਤੇਰੇ ਹੀ ਹਮਸਾਏ ਦਿਨ।

ਚਾਰੋਂ ਪਾਸੇ ਫ਼ੈਲ ਗਏ,
ਧੁੰਧੂਕਾਰੇ ਛਾਏ ਦਿਨ।

ਅਪਣੇ ਹੱਥੀਂ ਸਤਿਗੁਰੂ ਨੇ,
ਦੁੱਖ ਦੇ ਪਾਰ ਲੰਘਾਏ ਦਿਨ।

ਤਾਜ਼ੇ ਫ਼ੁੱਲ ਚੜ੍ਹੇ ਮੰਦਰ,
ਬਾਸੀ ਕੂੜੇ ਜਾਏ ਦਿਨ।

ਤੁਰ ਗਏ ਜੋ ਲੁਟਾ ਜੀਵਨ,
ਉਨ੍ਹਾਂ ਹੱਥ ਨਾ ਆਏ ਦਿਨ।

ਧੀਆਂ ਜਿੱਥੇ ਹੁੰਦੀਆਂ ਨੇ,
ਓਥੇ ਲੰਘਣ ਸੁਹਾਏ ਦਿਨ।

'ਹਿਰਦੇ' ਨੂੰ ਵਿਸ਼ਵਾਸ ਜੁ ਸੀ,
ਤਾਹੀਂ ਚੰਗੇ ਆਏ ਦਿਨ।

*****

ਦੱਸ ਡਾਢ੍ਹੇ ਤੋਂ ਡਰਦਾ ਕਿਉਂ ਹੈਂ?
ਡਰਦਾ ਹਰ ਹਰ ਕਰਦਾ ਕਿਉਂ ਹੈਂ?

ਸਹਿਮੇ ਹੋਏ ਅਲਫ਼ਾਜ਼ਾਂ ’ਤੇ,
ਦਮ ਹੈਂਕੜ ਦਾ ਭਰਦਾ ਕਿਉਂ ਹੈਂ?

ਡਾਢ੍ਹੇ ਕੋਲੋਂ ਡਰ-ਮਰ ਕੇ ਹੀ,
ਮਾੜੇ ਤੇ ਫਿਰ ਵਰ੍ਹਦਾ ਕਿਉਂ ਹੈਂ?

ਚੁੱਪ ਸਿਆਣਪ ਵਿਚ ਲੇਕਿਨ ਪਰ,
ਤੂੰ ਬੜ ਬੜ ਬੜ ਕਰਦਾ ਕਿਉਂ ਹੈਂ?

ਪਿਆਰ ਮਾਰ ਕੇ ਅਪਣੇ ਹੱਥੀਂ,
ਅੰਦਰੋਂ-ਅੰਦਰੀਂ ਖ਼ਰਦਾ ਕਿਉਂ ਹੈਂ?

ਜਿਸਨੂੰ ਨਫ਼ਰਤ ਹੈ ਸਾਡੇ ਸੰਗ,
ਉਸਦੀ ਹਾਮੀ ਭਰਦਾ ਕਿਉਂ ਹੈਂ?

ਕਪਟ ਸਿਆਸਤ ਕਰ-ਕਰ ਕੇ ਹੀ,
ਦਮ ਅਕਲਾਂ ’ਤੇ ਧਰਦਾ ਕਿਉਂ ਹੈਂ?

ਹਰਦਮ ਨਜ਼ਰ ਹੈ ਜਿਸ ’ਤੇ ਤੇਰੀ,
ਓਸੇ ਤੋਂ ਪਰਦਾ ਕਰਦਾ ਕਿਉਂ ਹੈਂ?

ਦੂਜੇ ਵਿੱਚੋਂ ਮਾੜਾ ਦੇਖ ਕੇ,
ਨਜ਼ਰ ਨੂੰ ਮੈਲ਼ੀ ਕਰਦਾ ਕਿਉਂ ਹੈਂ?

ਹਰਨੇ ਤਾਂ ਦੁੱਖ ਹਰ ਦੁਖੀਆਂ ਦੇ,
‘ਹਿਰਦੇ’ ਦਾ ਦਿਲ ਹਰਦਾ ਕਿਉਂ ਹੈਂ?

*****

ਅਰਮਾਨਾਂ ਮੇਰਿਆਂ ਨੂੰ ਥੋੜ੍ਹੀ ਜ਼ਮੀਨ ਦੇ ਦੇ।
ਉੱਡਣ ਲਈ ਚਿੜੀ ਨੂੰ ਅੰਬਰ ਹੁਸੀਨ ਦੇ ਦੇ।

ਤੰਦਰੁਸਤ ਬਦਨ ਵੀ ਦੇ ਦੇਵੀਂ ਪਰਾਂ ਨੂੰ ਜਾਨਾ,
ਤੇ ਚਿੜੀ ਨੂੰ ਆਲ੍ਹਣੇ ਲਈ ਸਬਜ਼ੀ ਜ਼ਮੀਨ ਦੇ ਦੇ।

ਖ਼ੁਦ ਆਪ ਕਰ ਲਵੀਂ ਤੂੰ ਪਿੰਡ ਦੀ ਵੀ ਰਹਿਨੁਮਾਈ,
ਪਿੰਡ ਆਪਣੇ ਦੀ ਸੱਥ ਨੂੰ ਸੱਚੀ ਮਸ਼ੀਨ ਦੇ ਦੇ।

ਫ਼ੁੱਲ ਆਪਣੇ ਲਈ ਤਾਂ ਮੈਂ ਆਪ ਬੀਜ ਲੂੰਗੀ,
ਮੇਹਰ ਕਰੇਂ ਜੇ ਤੂੰ ਵੀਂ ਟੋਟਾ ਜ਼ਮੀਨ ਦੇ ਦੇ।

ਮਜ਼ਬੂਰ ਹੋਣ ਮੇਰੇ ’ਤੇ ਨਾਜ਼ ਕਰਨ ਖ਼ਾਤਰ,
ਤੂੰ ਬੰਦਗੀ ਮੇਰੀ ਨੂੰ ਅਰਸ਼ੀ ਜ਼ਹੀਨ ਦੇ ਦੇ।

‘ਹਿਰਦੇ’ ਜ਼ਮਾਨੇ ਕੋਲੋਂ ਤੈਨੂੰ ਰੱਖ ਲਾਂ ਲੁਕੋ ਕੇ,
ਤੂੰ ਲਾਜ ਦਾ ਮੈਨੂੰ ਇਕ ਪਰਦਾ ਮਹੀਨ ਦੇ ਦੇ।

ਹੋਵੇ ਹਨ੍ਹੇਰਿਆਂ ਸੰਗ ਮਿੱਤਰਤਾ ਚਿੱਤ-ਚੋਰ ਦੀ ਤਾਂ,
‘ਹਿਰਦੇ’ ਤੂੰ ‘ਅਮਰ’ ਤਾਈਂ ਇਕ ਆਬਗ਼ੀਨ ਦੇ ਦੇ।

*****

ਦਿਲ ਵਿਚ ਹੈ ਭਾਵੇਂ ਸੁਲ਼ਗਦੀ ਉਡੀਕ ਸਾਰੀ ਰਾਤ।
ਰੂਹ ਦੇ ਹੀ ਉਸ ਚਾਨਣ ’ਚੋਂ ਦਿਸਦੀ ਹੈ ਨਵੀਂ ਪਰਭਾਤ।

ਇਕ ਲੀਕ ਆਪਾਂ ਖਿੱਚਣੀ ਹੈ ਨ੍ਹੇਰਿਆਂ ਦੇ ਪਾਰ,
ਤੇ ਮੰਨ ਲੈਣੀ ਜਿਉਂਦਿਆਂ ਹੀ ਜ਼ਿੰਦਗੀ ਦੀ ਬਾਤ।

ਦਿਲ ਵਾਲਾ ਖ਼ਾਲੀ ਠੂਠਾ ਕੀਤਾ ਤੇਰੇ ਸਾਹਮਣੇ,
ਕਾਸੇ ਮੇਰੇ ਵਿਚ ਪਾ ਵੀ ਦੇ ਹੁਣ ਸਮਿਰਤੀ ਦੀ ਦਾਤ।

ਜੇਕਰ ਸਮੁੰਦਰ ਵਿਚ ਵੀ ਮੱਛੀ ਹੀ ਪਿਆਸੀ ਰਹੇ,
ਨਦੀ ’ਤੇ ਖਲੋਤੇ ਕਿਉਂ ਨਾ ਸੁੱਕਣ ਜੰਗਲਾਤ।

ਇਸ ਜ਼ਿੰਦਗੀ ਦਾ ਮਿਲ ਗਿਆ ਮਕਸਦ ਜਦੋਂ ਤਾਂ ਹੀ,
ਅਸਾਂ ਦੀ ਬਰੂਹਾਂ ਤੋਂ ਹੀ ਮੋੜਤੀ ਬਾਰਾਤ।

ਤੇਰੀ ਯਾਦ ਦੀ ਪੰਡੋਕਲੀ ਬੰਨ੍ਹ ਕੇ ਸਿਰ੍ਹਾਣੇ ਰੱਖ,
ਤੇ ਨੀਂਦ ਸਾਡੀ ਹੋ ਗਈ ਸੁਰਗਾਂ ਦੀ ਸੌਗ਼ਾਤ।

ਤਸਵੀਰ ਮਨ ਦੀ ਤੋਂ ਮਿਟਾਣੇ ਹਿਰਖ਼ਾਂ ਦੇ ਸੱਭ ਰੰਗ,
‘ਹਿਰਦੇ ਖ਼ੁਦੀ ’ਚੋਂ ਹੀ ਪਾ ਲੈਣੀ ਹੈ ਖ਼ੁਦਾ ਦੀ ਜ਼ਾਤ।

*****

ਪੱਤੀ ਪੱਤੀ ਹੋ ਗਿਆ ਗ਼ੁਲਾਬ ਮੇਰੀ ਰੂਹ ਦਾ।
ਮਿੱਠਾ-ਮਿੱਠਾ ਖੋ ਗਿਆ ਖ਼ੁਆਬ ਮੇਰੀ ਰੂਹ ਦਾ।

ਤਾਰੇ ਅੰਬਰਾਂ ਦੇ ਤੋੜ ਕੇ ਲਿਆਉਣ ਸੀ ਗਿਆ ਉਹ,
ਓਥੇ ਖੋਲ੍ਹ ਬੈਠਾ ਏ ਹਿਸਾਬ ਮੇਰੀ ਰੂਹ ਦਾ।

ਨੈਣਾਂ ਵਿੱਚ ਹੰਝੂ ਅਤੇ, ਹੰਝੂਆਂ 'ਚ ਤਾਰੇ ਨੇ,
ਚਮਕ ਝੂਠ ਵਹਿ ਗਿਆ ਸਲਾਬ ਮੇਰੀ ਰੂਹ ਦਾ।

ਸੰਗ-ਸਾਰ ਸੀਨੇ 'ਤੇ ਟਿਕਾਇਆ ਜਦੋਂ ਸਿਰ ਮੈਂ,
ਬਰਫ਼ ਵਾਂਗ ਖ਼ੁਰ ਗਿਆ ਮ੍ਹਤਾਬ ਮੇਰੀ ਰੂਹ ਦਾ।

ਨਫ਼ਰਤਾਂ ਨਾ ਹੋਈਆਂ ਤੇ ਪਿਆਰ ਵੀ ਨਾ ਭੁੱਲਿਆ,
ਜਿਗਰ ਨੂੰ ਹੈ ਨੋਚਦਾ ਉਕਾਬ ਮੇਰੀ ਰੂਹ ਦਾ।

ਬੂੰਦ-ਬੂੰਦ ਚੋਈ ਲਾਲੀ ਸੋਹਣਿਆਂ ਦੇ ਮੁੱਖ ਉੱਤੋਂ,
ਕੱਚਾ ਜਦ ਵੀ ਲੰਘਿਆ ਚਨਾਬ ਮੇਰੀ ਰੂਹ ਦਾ।

ਰੋਮ ਰੋਮ ਵਿੱਚ ਮਰ ਕੇ ਫਿਰ ਵੀ ਕਿਉਂ ਜਿਓਂ ਪਿਆ?
ਆਂਦਰਾਂ 'ਚ ਖਿੜਿਆ ਜੋ ਗ਼ੁਲਾਬ ਮੇਰੀ ਰੂਹ ਦਾ।

ਛੱਡ ਦਿੱਤੇ ਸੁਪਨੇ ਕੁਸੈਲ਼ੇ ਮੇਰੀ ਜ਼ਿੰਦੜੀ ਨੇ,
ਕੱਟ ਦਿੱਤਾ ਹਿੱਸਾ ਹਰ ਖ਼ਰਾਬ ਮੇਰੀ ਰੂਹ ਦਾ।

*****

ਰਹੇ ਸਦਾ ਮੇਰੇ ਅੱਥਰੂ ਬਰੇਤਿਆਂ ਨੂੰ ਸਿੰਜਦੇ,
ਮਾਰੂਥਲ਼ ਵਿਚ ਵਹਿ ਗਿਆ ਚਨਾਬ ਮੇਰੀ ਰੂਹ ਦਾ।

ਸੋਚਿਆ ਸੀ ਮੇਰੀ ਤੂੰ ਕਿਤਾਬ ਸਾਰੀ ਪੜ੍ਹਲੇਂਗਾ,
ਤੂੰ ਤਾਂ ਪਹਿਲਾ ਵੀ ਨਾ ਪੜ੍ਹਿਆ ਬਾਬ ਮੇਰੀ ਰੂਹ ਦਾ।

ਸਿਰੇ ਚੜ੍ਹਿਆ ਹੁਸਨ ਦੇ ਬੋਲਦਾ ਹੈ ਇਸ਼ਕ ਸੱਚ,
ਤਾਂ ਹੀ ਤਾਂ ਉਹ ਹੋ ਗਿਆ ਨਵਾਬ ਮੇਰੀ ਰੂਹ ਦਾ।

ਨਾ ਹੀ ਕੁਝ ਆਖਿਉ ਨੂੰ ਨਾ ਕਰਿਉ ਕੋਈ ਵੀ ਗ਼ਿਲਾ,
ਜਲਜ਼ਲਾ ਹੈ ਰੋੜ੍ਹ ਲੈ ਗਿਆ ਖ਼ਾਬ ਮੇਰੀ ਰੂਹ ਦਾ।

ਫੜਕਦਾ ਹੈ ਬੋਟ ਦੇ ਵਾਂਗੂੰ ਸਦਾ ਦਿਲ ਤਾਂ ਮੇਰਾ,
ਫੁੰਡਿਆ ਸਮਾਨੋਂ ਗਿਆ ਉਕਾਬ ਮੇਰੀ ਰੂਹ ਦਾ।

ਜਿਗਰਾ ਹੈ ਤਾਂ ਆ ਕੇ ਤੂੰ ਵੀਂ ਵੇਖ ਮੇਰੇ ਜ਼ਖ਼ਮਾਂ ਨੂੰ,
ਖ਼ੂਨੋਂ-ਖ਼ੂਨ ਭਰਿਆ ਪਿਆ ਤਲਾਬ ਮੇਰੀ ਰੂਹ ਦਾ।

ਚਿਹਰੇ ਉੱਤੇ ਜਿਦ੍ਹੇ ਮਖ਼ੌਟਾ ਸੀ ਉਹਨੇ ਵੀ ਤਾਂ ਕਦੇ,
ਝੱਲਿਆ ਨਾ 'ਹਿਰਦੇ' ਕੋਈ ਤਾਬ ਮੇਰੀ ਰੂਹ ਦਾ।

*****

ਜੇ ਯਾਦਾਂ ਤੇਰੀਆਂ ਦੇ ਮੇਰੇ ਸੰਗ ਨਾ ਕਾਫ਼ਲੇ ਹੁੰਦੇ।
ਕਦੋਂ ਦੇ ਹਿਜਰ ਤੇਰੇ ਵਿਚ ਹੀ ਆਪਾਂ ਜਲ਼ ਗਏ ਹੁੰਦੇ।

ਅਸਾਡੀ ਜ਼ਿੰਦਗੀ ਵਿਚ ਜੇ ਨਾ ਏਨੇ ਹਾਦਸੇ ਹੁੰਦੇ।
ਦਿਲੀ ਦਰਦਾਂ ਦੇ ਵੀ ਤਾਂ ਫਿਰ ਨਾ ਏਨੇ ਸਿਲਸਿਲੇ ਹੁੰਦੇ।

ਇਹ ਇਕ ਹਰਫ਼ੀ ਮੁਹੱਬਤ ਦੀ ਕਹਾਣੀ ਮੁੱਕ ਹੀ ਜਾਣੀ ਸੀ,
ਜੇ ਹਾਣੀ ਹਾਣ ਦੇ ਸੱਜਣਾਂ ਨੂੰ ਵਿੱਛੜੇ ਨਾ ਮਿਲੇ ਹੁੰਦੇ।

ਕਦੇ ਨਾ ਚੀਕਦੀ ਉਠ ਕੇ ਮੇਰੀ ਵੀ ਚੁੱਪ ਰਾਤਾਂ ਨੂੰ,
ਕਿ ਜੇ ਨਾ ਚਾਨਣੀ ਵਿਚ ਮੇਰੇ ਕੁਝ ਹੰਝੂ ਘੁਲ਼ੇ ਹੁੰਦੇ।

ਮੈਂ ਕਹਿੰਦੀ ਭੁੱਲ ਕੇ ਨਾ ਫਿਰ ਕਦੀ ਵੀ ਦਰਦ ਦੀ ਗਾਥਾ,
ਇਹ ਸਾਰੇ ਬੁੱਤ ਪੱਥਰ ਦੇ ਜੇ ਬੰਦੇ ਹੋ ਗਏ ਹੁੰਦੇ।

ਮੇਰੀ ਬੇੜੀ ਨਾ ਡੁੱਬਦੀ ਕਦੇ ਵੀ ਸਾਹਿਲ ਕਿਸੇ ’ਤੇ,
ਜੇ ਖੇਵਨਹਾਰ ਹੀ ਇਸਦੇ ਨਾ ਏਨੇ ਬੁਜ਼ਦਿਲੇ ਹੁੰਦੇ।

ਕਿਵੇਂ ਇਹ ਸ਼ਾਇਰੀ ਮੇਰੀ ਵੀ ਹੁੰਦੀ ਪੁਰ-ਅਸਰ ਏਨੀ,
ਉਹ ਅਪਣੀ ‘ਹਿਰਦੇ’ ਤਾਈਂ ਜੇ ਇਓਂ ਨਾ ਛੱਡ ਗਏ ਹੁੰਦੇ।

*****

ਹੁਣ ਨਾ ਦਿਲ ਠੁਕਰਾ ਕੇ ਜਾ।
ਮਿੱਠੇ ਬੋਲ ਸੁਣਾ ਕੇ ਜਾ।

ਐਵੇਂ ਨਾ ਭਰਮਾ ਕੇ ਜਾ।
ਹਰ ਇਕ ਰੀਝ ਪੁਗਾ ਕੇ ਜਾ।

ਗੁੜ ਦਿੱਤਿਆਂ ਹੀ ਮਰ ਜਾਂਵਾਂਗੇ,
ਜ਼ਹਿਰ ਨਾ ਹੋਂਠੀਂ ਲਾ ਕੇ ਜਾ।

ਖ਼ੁਸ਼ਬੂ ਤੇਰੀ ਰੂਹ ’ਚੋਂ ਆਵੇ,
ਸੱਜਣਾ ਸੀਨੇ ਲਾ ਕੇ ਜਾ।

ਰਹਿ ਜੇ ਤੇਰਾ ਪਿਆਰ ਹੀ ਚੇਤੇ,
ਸੱਜਣਾ ਦਿਲ ਧੜਕਾ ਕੇ ਜਾ।

ਹਸਰਤ ਤੇਰੀ ਹੀ ਰਹਿ ਜਾਵੇ,
ਏਨਾ ਪਿਆਰ ਜਤਾ ਕੇ ਜਾ।

ਹੋਵਣ ਤੇਰੀਆਂ ਸੱਤੇ ਖ਼ੈਰਾਂ,
ਸਾਡਾ ਦੁੱਖ ਵੰਡਾ ਕੇ ਜਾ।

ਜਾ ਕੇ ਦੂਰ ਤੂੰ ਭੁੱਲ ਜਾਵੇਂਗਾ,
ਇਹ ਵੀ ਭਰਮ ਮਿਟਾ ਕੇ ਜਾ।

ਦਿਲ ਵਿਚ ਕੋਈ ਰੰਜ ਜੇ ਹੈ ਤਾਂ,
ਉਹ ਵੀ ਦਿਲੋਂ ਭੁਲਾ ਕੇ ਜਾ।

ਮੈਂ ਆਜ਼ਾਦ ਤਬੀਅਤ ਦੀ ਹਾਂ,
ਮੈਨੂੰ ਨਾ ਕੈਦ ’ਚ ਪਾ ਕੇ ਜਾ।

ਉਲਝੀਆਂ ਨੇ ਕੁਛ ਮਨ ਦੀਆਂ ਤੰਦਾਂ,
ਨਾਲ ਮੇਰੇ ਸੁਲਝਾ ਕੇ ਜਾ।

ਜੀਵਨ ਹੈ ਛੱਲਾਂ ਦਾ ਚਾਦਰ,
ਸੇਜ ’ਤੇ ਨਾਲ ਵਿਸ਼ਾ ਕੇ ਜਾ।

ਦੁੱਖ ਸੁੱਖ ਸੁਣ ਲਈਂ ਕੋਲੇ ਬਹਿ ਕੇ,
ਭੇਤ ਨਾ ਕੋਈ ਛੁਪਾ ਕੇ ਜਾ।

ਚਿੰਤਾ ਹੁੰਦੀ ਚਿਖ਼ਾ ਬਰਾਬਰ,
ਇਸਨੂੰ ਆਪ ਬੁਝਾ ਕੇ ਜਾ।

ਮੈਂ ਹਾਂ ਤੇਰੀ ਅਮਾਨਤ ਸੱਜਣਾਂ,
ਮਨ ਵਿਚ ਗੱਲ ਵਸਾ ਕੇ ਜਾ।

ਏਸ ਜਨਮ ਵੀ ਤੂੰ ਮੈਨੂੰ ਹੁਣ,
ਅਪਣੀ ਦਿਲੋਂ ਬਣਾ ਕੇ ਜਾ।

ਮਨ ਦੇ ਅੰਬਰ ਧਰਾਂ ਸਿਤਾਰੇ,
ਸ਼ਬਨਮ ਸ਼ਬ ਬਣਾ ਕੇ ਜਾ।

ਤੱਪਦੀ ਧਰਤ ਨਿਮਾਣੀ ਦੇ ਵਿਚ,
ਚੰਦਨ ਦਾ ਰੁੱਖ ਲਾ ਕੇ ਜਾ।

ਕਾਲ਼ੀ ਬੱਦਲੀ ਤੇਰੀ ਜੁਦਾਈ,
ਵਸਲ ਦੀ ਕਿਰਨ ਵਿਖਾ ਕੇ ਜਾ।

ਜਦ ਵੀ ਤੈਨੂੰ ਯਾਦ ਕਰਾਂ ਮੈਂ,
'ਹਿਰਦੇ' ਫੇਰਾ ਪਾ ਕੇ ਜਾ।

*****

ਮੁਸਕਰਾ ਕੇ ਦਰਦ ਜੋ ਜਰ ਜਾਣਗੇ।
ਇਸ਼ਕ ਦੇ ਦਰਿਆਵਾਂ ਨੂੰ ਤਰ ਜਾਣਗੇ।

ਕੀ ਪਤਾ ਮੁੜ ਆਉਣਗੇ ਕਿ ਨਹੀਂ ਕਦੀ?
ਫਿਰ ਮਿਲਣ ਦਾ ਜੋ ਵਾਅਦਾ ਕਰ ਜਾਣਗੇ।

ਯਾਦ ਤੇਰੀ ਵਿਚ ਬਹਿ ਕੇ ਰੋਣਾ ਪਿਆ,
ਕੀ ਪਤਾ ਤਨਹਾਈ ਤੋਂ ਡਰ ਜਾਣਗੇ?

ਦੱਸ ਕੇ ਤੁਰ ਜਾਣਗੇ ਮਜਬੂਰੀਆਂ,
ਕੌਲ ਕੀਤੇ ਤੋਂ ਉਹ ਮੁੱਕਰ ਜਾਣਗੇ।

ਵੋਟ ਮੇਰੀ ਵਕਤ ਤਾੜ੍ਹਾ ਹੋਏਗਾ,
ਏਹੀ ਸਾਰੇ ਕਹਿ ਕੇ ਲੀਡਰ ਜਾਣਗੇ।

ਕਿਰਤ ਨੂੰ ਬਹਿ ਕੇ ਹੜੱਪਣ ਵਾਲਿਓ,
ਹੱਡ ਤੁਹਾਡੇ ਵਿਹਲਿਆਂ ਖ਼ਰ ਜਾਣਗੇ।

ਕਾਲ਼ਖਾਂ ਦੇ ਜਣਦਿਆਂ ਨੂੰ ਆਖਿਓ,
ਕੱਲ੍ਹ ਤੁਹਾਡਾ ਚੀਰ ਹਰ ਨਰ ਜਾਣਗੇ।

ਦਰਦ ਦੀ ਭੱਠੀ 'ਚ ਪਾ ਕੇ ਸੁਖ਼ਨ ਨੂੰ,
ਕਿਰਨਾਂ ਲੱਭਣ ਰਾਤੀਂ ਸ਼ਾਇਰ ਜਾਣਗੇ।

ਦੇ ਕਸਮ ਤੈਨੂੰ ਉਹ ਤੇਰੇ ਪਿਆਰ ਦੀ,
ਜਾਂਦੇ ਬੋਸਾ ਮੱਥੇ 'ਤੇ ਧਰ ਜਾਣਗੇ।

ਦੇ ਕੇ 'ਹਿਰਦੇ' ਨੂੰ ਉਹ ਪੀੜਾਂ ਗਹਿਰੀਆਂ,
ਸੁਰਖ਼ਰੂ ਹੋ ਆਪਣੇ ਘਰ ਜਾਣਗੇ।

*****

ਮੁੰਦਰੀ ਦੀ ਕੈਦ ਰਹਿਣਾਂ ਲੋਚਦੀ।
ਇਸ ਤਰ੍ਹਾਂ ਮੰਜ਼ਿਲ ਮੈਂ ਪਾਉਣਾ ਲੋਚਦੀ।

ਆਪਣੇ ਮੈਂ ਬਾਜ਼ੂਆਂ ਦੇ ਜ਼ੋਰ ’ਤੇ,
ਸਾਗਰਾਂ ਨੂੰ ਆਪ ਗਾਹੁਣਾ ਲੋਚਦੀ।

ਆਸ ਲੈ ਕੇ ਮੈਂ ਤੁਰੀ ਹਾਂ ਵਸਲ ਦੀ,
ਫ਼ਾਸਲੇ, ਵਾਟਾਂ ਮੁਕਾਉਣਾ ਲੋਚਦੀ।

ਆਪਣੇ ਮੈਂ ਆਪਸੀ ਵਿਸ਼ਵਾਸ ’ਤੇ,
ਪਰਬਤਾਂ ਦੇ ਪਾਰ ਜਾਣਾ ਲੋਚਦੀ।

ਚੱਕ ਧਰਤੀ ਚਾੜ੍ਹ ਚਾਰੇ ਕੁੰਟਾਂ ਨੂੰ,
ਧੀਆਂ ਦੇ ਨਾਂਵੇਂ ਚੜ੍ਹਾਉਣਾ ਲੋਚਦੀ।

ਗੀਤ, ਗ਼ਜ਼ਲਾਂ ਨੂੰ ਹੀ ਦੇ ਕੇ ਜੀਭ ਮੈਂ,
ਤਾਂ ਦਮਨ ਹਰ ਰੀਝ ਗਾਉਣਾ ਲੋਚਦੀ।

ਨੋਚਦੀ ਹੈ ਯਾਦ ਜਿਸਦੀ ਰਾਤ ਦਿਨ,
ਜ਼ਖ਼ਮ ਓਸੇ ਤੋਂ ਛੁਪਾਉਣਾ ਲੋਚਦੀ।

ਤੇਰੇ ਗ਼ਲ ਲੱਗ ਕੇ ਮੈਂ ਤੇਰੇ ਦਰਦ ਲਈ,
ਵਿਲਕ-ਵਿਲਕ ਕੇ ਛਟਪਟਾਉਣਾ ਲੋਚਦੀ।

ਸੀਸ ਤਲੀਏ ਧਰ ਕੇ ਜੀਏ ਜ਼ਿੰਦਗੀ,
ਕਸਬ ਇਹ ਤੈਨੂੰ ਸਿਖਾਉਣਾ ਲੋਚਦੀ।

ਲੋਚਦੀ ‘ਹਿਰਦੇ’ ਤਾਂ ਹੁਣ ਰੂਹ ਦਾ ਸਕੂਨ,
ਦਰ ਤੇਰੇ ’ਤੇ ਸਿਰ ਝੁਕਾਉਣਾ ਲੋਚਦੀ।

*****

ਨਾਰੀ ਤੇਰੇ ਰੂਪ ਨੇ ਕਿੰਨੇ।
ਕੁੱਖ ਸਾਗਰ ਦੀ ਮੋਤੀ ਜਿੰਨੇ।

ਓਨੇ ਹੀ ਗੁਣ ਮਾਂ ਦੇ ਵੀ ਹਨ,
ਜਿੰਨੇ ਗੁਣ ਤੂੰ ਰੱਬ ਦੇ ਮੰਨੇ।

ਸੱਤ ਸੁਰਾਂ ਦਾ ਸਪਤਕ ਨਾਰੀ,
ਰਾਗ਼ ਬਣਾ ਲੈ ਚਾਹੇ ਜਿੰਨੇ।

ਸੰਘਣੀ ਛਾਂ ਜਿਉਂ ਰੁੱਖ ਦਿੰਦਾ ਹੈ,
ਸੁੱਖ ਦਿੰਦੀ ਮਮਤਾ ਵੀ ਇੰਨੇ।

ਲੱਭ ਜਾਵਣਗੇ ਸਾਰੇ ਤੈਨੂੰ,
ਇਸ ਸਾਗਰ ਵਿਚ ਮੋਤੀ ਜਿੰਨੇ।

ਮਾਂ ਦੇ ਲਈ ਨੇ ਸੁੱਚੇ ਮੋਤੀ,
ਬੱਚੇ ਹੋਵਣ ਖੋਟੇ ਕਿੰਨੇ?

ਤਿਲ-ਤਿਲ ਭੁਰਦੀ ਘਰ ਦੀ ਖ਼ਾਤਿਰ,
ਜੀਆਂ ਦੇ ਲਈ ਵੱਟਦੀ ਪਿੰਨੇ।

ਪੈ ਜਾਣੇ ਨੇ ਥੋੜ੍ਹੇ ਮਾਂ ਦੇ,
ਮੰਨਣੇ ਤੂੰ ਅਹਿਸਾਨ ਵੀ ਜਿੰਨੇ।

ਸ਼ਰਨਾਗਤ ਹੈ ਮਾਂ ਦੀ ਗੋਦੀ,
ਭੱਜਣ ਇਸ ਵੱਲ ਮੰਨੇ-ਤੰਨੇ।

ਅੰਮ੍ਰਿਤ ਦੇ ਵਿਚ ਡੁੱਬ ਗਏ ਨੇ,
'ਹਿਰਦੇ' ਨੇ ਜੋ ਪਿਆਰ 'ਚ ਭਿੰਨੇ।

*****

ਇਹ ਜਾਪਣ ਕਦੀ ਪਰਾਏ ਹੰਝੂ।
ਬਣਦੇ ਜਦ ਹਮਸਾਏ ਹੰਝੂ।

ਇਹ ਤਾਂ ਹੈ ਇਸ਼ਕ ਦਾ ਸੁੱਚਾ ਮੋਤੀ,
ਦਿਲ ਟੁੱਟੇ ਤਾਂ ਟੁੱਟ ਜਾਏ ਹੰਝੂ।

ਸੁਰਮਈ ਅੱਖ ਦਾ ਕਾਲ਼ਾ ਸੁਰਮਾ,
ਪਿਆ ਬਿਰਹੋਂ ਰੁੱਤ ਹੰਢਾਏ ਹੰਝੂ।

ਦਿਲ ਬਿਰਹੋਂ ਨੂੰ ਸੁਲਤਾਨ ਬਣਾ ਕੇ,
ਇਸ਼ਕ ਦੇ ਸ਼ਾਹੀ ਤਖ਼ਤ ਬਿਠਾਏ ਹੰਝੂ।

ਨੈਣੀਂ ਕੋਇਆਂ ਤੇ ਲਿਖੀ ਇਬਾਰਤ,
ਕਿਸੇ ਸਾਰੀ ਰਾਤ ਵਗ਼ਾਏ ਹੰਝੂ।

ਓਨਾ ਦਿਲ ਪਿਆਰ ਦਾ ਮਰ ਜਾਂਦਾ,
ਜਿੰਨੇ ਕੁ ਹੋਣ ਗਵਾਏ ਹੰਝੂ।

ਫਿਰ ਜਾ ਕੇ ਪਾਰ ਵੀ ਏਸ ਨਦੀ ਤੋਂ,
ਕਿਸੇ ਹੋਰ ਨਦੀ ਮਿਲ ਜਾਏ ਹੰਝੂ।

ਬਾਬਲ ਦੇ ਘਰ ’ਚ ਉਦਾਸੀ ਨੱਚੇ,
ਫਿਰ ਜਾਣ ਜਦੋਂ ਪਰਨਾਏ ਹੰਝੂ।

ਲਫ਼ਜਾਂ ਤੋਂ ਹੈ ਬਾਤ ਪਰ੍ਹੇ ਦੀ,
ਅੱਖੀਆਂ ਦਾ ਜੋ ਬਤਿਆਏ ਹੰਝੂ।

ਜੋ ਦੁੱਖ ਅੱਖੀਆਂ ਥੀਂ ਨਹੀਂ ਵਹਿੰਦਾ,
ਦਿਲ ਖੰਗਰ ਬਣ ਜਾਏ ਹੰਝੂ।

ਸਾਗਰ ਨਦੀਆਂ ਤਰ ਗਏ ਤਾਰੂ,
ਪਰ ਕੌਣ ਨਦੀ ਤਰ ਜਾਏ ਹੰਝੂ।

ਸੋਲ੍ਹਾਂ ਪੱਤਣਾਂ ਦੇ ਤਾਰੂ ਨੂੰ,
ਨਾਲ ਵਹਾ ਲੈ ਜਾਏ ਹੰਝੂ।

ਤਾਕਤ ਰੂਹ ਦੀ ਬਣ ਕੇ ਫਿਰ ਫਿਰ,
ਪਿਆ ਜੂਨੀ ਸ਼ਬਦ ਹੰਢਾਏ ਹੰਝੂ।

ਰੁੱਤਾਂ ਦੀ ਖ਼ਾਮੋਸ਼ੀ ਨੂੰ ਕੋਈ,
ਸ਼ਬਦ ਲਿਬਾਸ ਪਵਾਏ ਹੰਝੂ।

ਉਸਨੂੰ ਧੀਰਜ਼ ਕੌਣ ਬੰਨ੍ਹਾਏ?
ਜਿਹਦੇ ਗਏ ਸਠਿਆਏ ਹੰਝੂ।

ਇਕ ਬਣ ਜਾਏ ਮੁਸਕਾਨ ਉਦ੍ਹੀ ਪਰ,
ਦੂਜਾ ਸਾਹ ਬਣ ਜਾਏ ਹੰਝੂ।

ਦਿਲ 'ਚੋਂ ਉੱਠਦੀਆਂ ਛੱਲਾਂ ਨੂੰ,
ਨੈਣੋਂ ਨੀਰ ਵਹਾਏ ਹੰਝੂ।

ਦਰਦ ਪਰਾਏ ਗਹਿਰ ਉਦਾਸੀ,
ਅਪਣੇ ਜਾਣ ਹੰਢਾਏ ਹੰਝੂ।

ਮਾਂ ਦੇ ਸੀਨੇ ਸੱਲ ਬਣ ਜਾਂਦੇ,
ਧੀ ਦੀ ਅੱਖ 'ਚ ਆਏ ਹੰਝੂ।

ਪੁੱਤਾਂ ਲਈ ਹੈ ਮਿਹਣਾ ਜੱਗ 'ਤੇ,
ਮਾਪਿਆਂ ਨੈਣੀਂ ਛਾਏ ਹੰਝੂ।

'ਹਿਰਦੇ' ਅੰਦਰ ਨ੍ਹੇਰਿਆਂ ਵਿਚ ਵੀ,
ਅਪਣਾ ਆਪ ਜਲਾਏ ਹੰਝੂ।

ਬਿਰਹੋਂ ਦੇ ਗੀਤਾਂ ਨੂੰ 'ਹਿਰਦੇ',
ਤੜਪ ਕੇ ਰੂਹ ਤੋਂ ਗਾਏ ਹੰਝੂ।

*****

ਹੋਇਆ ਅੱਜ-ਕੱਲ੍ਹ ਕਾਫ਼ਰ ਬੰਦਾ।
ਬਣਿਆਂ ਤਾਹੀਉਂ ਜਾਬਰ ਬੰਦਾ।

ਅਪਣੇ-ਆਪ ਦਾ ਵਾਫ਼ਰ ਬੰਦਾ।
ਕਰਦਾ ਵੇਖ ਨਿਰਾਦਰ ਬੰਦਾ।

ਅਪਣੇ-ਆਪ ਨੂੰ ਵਿਚ ਚੌਰਾਹੇ,
ਕਰੇ ਨੀਲਾਮ ਸੁਦਾਗ਼ਰ ਬੰਦਾ।

ਭਲਾ ਕਿਸੇ ਦਾ ਕਰਦਾ ਨਹੀਂ ਹੁਣ,
ਤਾਹੀਉਂ ਰਿਹਾ ਹੈ ਘਾਬਰ ਬੰਦਾ।

ਰਿਸ਼ਤਿਆਂ ਵਿੱਚੋਂ ਮਾਰ ਕੇ ਮਹਿਕਾਂ,
ਹੁਣ ਫਿਰਦਾ ਹੈ ਦਰ-ਦਰ ਬੰਦਾ।

ਮਾਪਿਆਂ ਦੀ ਹੁਣ ਸੇਵਾ ਤੋਂ ਵੀ,
ਸੁਰਖ਼ੁਰੂ ਹੁੰਦਾ ਮਨ੍ਹਾ ਕਰ ਬੰਦਾ।

ਖੇਡਾਂ ਵਾਂਗੂੰ ਤੋੜ ਦਿੰਦਾ ਹੈ,
ਦਿਲ ਨੂੰ ਇਹ ਬੇ-ਆਦਰ ਬੰਦਾ।

ਰੱਬ ਨੂੰ ਵੀ ਖੇਡ-ਖਿਡੌਣਾ ਸਮਝੇ,
ਸਮਝੇ ਨਾ ਉਸਨੂੰ ਕਾਦਰ ਬੰਦਾ।

ਅਪਣੀ ਕਿਰਤ ਤੋਂ ਟੁੱਟ ਕੇ ਹੀ ਇਹ,
ਕਿੰਜ ਹੋਇਆ ਹੈ ਜ਼ਰ-ਜ਼ਰ ਬੰਦਾ।

ਸ਼ਬਦ ਤੋਂ ਬੰਦਾ ਬਣਿਆ ਭਾਗੋ,
ਸ਼ਬਦ ਤੋਂ ਬਣਿਆ 'ਬਾਬਰ' ਬੰਦਾ।

ਮੋਮਨ ਰਿਹਾ ਮੋਮ ਦਿਲ ਨਾਹੀਂ,
ਹੋਰਾਂ ਨੂੰ ਕਹੇ ਕਾਫ਼ਰ ਬੰਦਾ।

ਹਿੰਦੂ, ਮੁਸਲਿਮ, ਸਿੱਖ ਹੋ ਗਿਆ,
ਬੰਦਾ ਬਣਨ ਤੋਂ ਘਾਬਰ ਬੰਦਾ।

ਸੂਰ ਤੇ ਗਾਂਵਾਂ ਵੱਢ ਕੇ ਖਾਵੇ,
ਖਾਵੇ ਵੱਢ ਬਰਾਬਰ ਬੰਦਾ।

ਜੰਤੂ ਸੀਮਤ ਭੁੱਖ, ਤੇਹ ਤਾਈਂ,
ਕਹਿੰਦੇ ਕਿਉਂ ਫਿਰ ਜਨਾਵਰ ਬੰਦਾ।

ਹਿੰਦੂ ਨਾ ਕੋਈ ਮੁਸਲਮਾਨ ਹੀ,
ਅਮਲਾਂ ਬਾਝੋਂ ਕਾਫ਼ਰ ਬੰਦਾ।

ਮਤਲਬ ਨੂੰ ਜੱਹਾਦ ਬਣਾ ਕੇ,
ਵਰਤੇ ਧਰਮ ਬਰਾਬਰ ਬੰਦਾ।

ਰੱਬ ਤਾਂ ਅਜੇ ਵੀ ਵੱਸਦਾ ਇਸ ਵਿਚ,
ਪਰ ਰੱਬ ਤੋਂ ਹੈ ਨਾਬਰ ਬੰਦਾ।

ਬੰਦੇ ਦੇ ਹੈ ਸਭ ਕੁਝ ਅੰਦਰ,
ਨਹੀਂ ਪਹਿਚਾਣ ਰਿਹਾ ਪਰ ਬੰਦਾ।

ਮਹਾਂ-ਭਾਰਤ ਦਾ ਪਾਤਰ ਬਣਿਆਂ.
ਲਾਉਂਦਾ ਦਾਅ ਤੇ ਦਾਅ ਹਰ ਬੰਦਾ।

ਰੋਜ ਨਵਾਂ ਇਤਿਹਾਸ ਸਿਰਜਦਾ,
ਪਹਿਨ ਮੁਲੰਮਾ ਪਾਤਰ ਬੰਦਾ।

ਮਨਫ਼ੀ ਹੋ ਜਾਂਦਾ ਹੈ ਖ਼ੁਦ ’ਚੋਂ,
ਆ ਕੇ ਅਪਣੇ ਹੀ ਘਰ ਬੰਦਾ।

ਮੰਦਰ ਮਸਜ਼ਿਦ ਮਿੱਟੀ ਦੇ ਘਰ,
ਰੱਬ ਦਾ ਘਰ ਸਰਾਸਰ ਬੰਦਾ।

ਖ਼ਾਲੀ ਹੱਥੀਂ ਗਿਆ ਸਿਕੰਦਰ,
ਸਭ ਜਾਣੇ ਬੇ-ਸਾਬਰ ਬੰਦਾ।

ਸ਼ੇਰ, ਬਾਘ ਤੇ ਚੀਤੇ ਕੀ ਨੇ?
ਸਭ ਤੋਂ ਬੜਾ ਜਨਾਵਰ ਬੰਦਾ।

*****

ਨੇਤਾ ਦੇਸ਼ ਦਾ ਹੀ ਜਦ ਚੋਰ ਹੋ ਜੇ।
ਗੱਲ ਫਿਰ ਹੋਰ ਦੀ ਵਿਗੜ ਕੇ ਹੋਰ ਹੋ ਜੇ।

ਜਦ ਵਾੜ ਹੀ ਖੇਤ ਨੂੰ ਖਾਣ ਲੱਗੇ,
ਤਾਕਤ ਕੁਰਸੀ ਦੀ ਵੱਧ ਕਮਜ਼ੋਰ ਹੋ ਜੇ।

ਢਿੱਡੀਂ ਮੁੱਕੀਆਂ ਦੇਵੇ ਆਜ਼ਾਦੀ,
ਚੰਗੇਜ਼ੀ ਸੋਚ ਚਰਚਾ ਜ਼ੋਰ ਹੋ ਜੇ।

ਫਿਰ ਰੋਂਦਿਆਂ ਦੀਆਂ ਕੰਨੀਂ ਪੈਣ ਚੀਕਾਂ,
ਜ਼ੁਲਮ-ਜਬਰ ਜਦੋਂ ਵੀ ਮੂੰਹ-ਜ਼ੋਰ ਹੋ ਜੇ।

ਜਸ਼ਨ ਜਬਰ ਦੇ ਫਿਰ ਸ਼ਰੇ-ਆਮ ਹੁੰਦੇ,
ਜ਼ੁਲਮੀ ਨ੍ਹੇਰਿਆਂ ਦਾ ਘਣ-ਘੋਰ ਹੋ ਜੇ।

ਖੇਤਾਂ ਵਿਚ ਫਿਰ ਉੱਗਦੀਆਂ ਖ਼ੁਦਕਸ਼ੀਆਂ,
ਅੰਨ-ਦਾਤਾ ਜਦ ਹੱਦੋਂ ਕਮਜ਼ੋਰ ਹੋ ਜੇ।

ਠੰਢੇ ਪਏ ਅਹਿਸਾਸਾਂ ਦੀ ਗਰਮੀ ਤਾਂ,
ਢਾਡੀ ਵਾਰਾਂ ਦੇ ਸੰਗ ਝਨਝੋਰ ਹੋ ਜੇ।

ਮੁਰਦਾ ਰੂਹ ਵਿਚ ਵੀ ਜਾਨ ਪੈ ਜਾਂਦੀ,
ਰਾਗ਼ੀ ਰਾਗ਼ ਤੇ ਸਾਜ਼ ਇਕ ਟੋਰ ਹੋ ਜੇ।

ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ,
ਬਹੁਤਾ ਸੋਲ੍ਹ ਬੰਦਾ ਕਮਚੋਰ ਹੋ ਜੇ।

ਕੈਸੀ ਬੇਬਸੀਆਂ ਦੀ ਇਹ ਹੈ ਜਕੜਨ,
ਜ਼ੋਰ ਹੁੰਦਿਆਂ ਬੰਦਾ ਕਮਜ਼ੋਰ ਹੋ ਜੇ।

ਚੜ੍ਹਦੀ ਕਲਾ ਦਾ ਰਾਹ ਜੇ ਫੜ੍ਹੇਂ 'ਹਿਰਦੇ',
ਰਾਤਾਂ ਕਾਲ਼ੀਆਂ ਚਾਨਣੀ ਭੋਰ ਹੋ ਜੇ।

*****

ਤਲਖ਼ੀ ਰੰਗੇ ਭਾਰੇ ਦਿਨ।
ਸੂਰਜ ਨੇ ਹੀ ਠਾਰੇ ਦਿਨ।

ਦਰਦਾਂ ਆਣ ਜਗਾਏ ਫਿਰ,
ਸੁੱਤੀਆਂ ਕਲਾਂ ਵਿਚਾਰੇ ਦਿਨ।

ਰੂਹਾਂ ਮਨਫ਼ੀ ਹੋ ਗਈਆਂ,
ਹਵਸਾਂ ਜਿਸਮ ਪਿਆਰੇ ਦਿਨ।

ਰੂਹ ਤੋਂ ਸੱਖਣੇ ਜਿਸਮਾਂ ਨੇ,
ਪ੍ਰੇਮ ਵਿਹੂਣੇ ਮਾਰੇ ਦਿਨ।

ਅਪਣੇ ਦੂਰ ਖਲੋਣੇ ਜਾ,
ਗ਼ੁਰਬਤ ਜਦੋਂ ਦੁਲਾਰੇ ਦਿਨ।

ਇਕ ਦਿਨ ਮੇਰੇ ਤੇਰੇ ਆਉਣੇ,
ਸਾਰੇ ਕਰਮਾਂ ਮਾਰੇ ਦਿਨ।

ਨਾ ਇਕ ਜੇਕਰ ਬਣਨਾ ਹੈ,
ਲੱਗਣੇ ਹੱਥ ਕਰਾਰੇ ਦਿਨ।

ਸ਼ਬਰਾਤਾਂ ’ਚੋਂ ਹੀ ਜੰਮਣੇ,
ਬਣ ਕੇ ਚੰਨ ਮੁਨਾਰੇ ਦਿਨ।

ਪਾਣੀਆਂ ਕੰਡੇ ਬੈਠ ਕਦੇ,
ਲਏ ਨੇ ਪੌਣ ਹੁਲਾਰੇ ਦਿਨ।

ਸੱਜਣਾ ਰਲ਼ ਕੇ ਸਹਿਲਾਂਗੇ,
ਤਮਸ-ਤਪਸ਼ ਦੇ ਮਾਰੇ ਦਿਨ।

ਜੋ ਸਨ ਸਾਡੇ ਸੱਜਣ ਕਦੇ,
ਹੋਏ ਦੁਸਮਣ ਵਾਰੇ ਦਿਨ।

ਦੁਨੀਆਂ ਦਾ ਦਸਤੂਰ ਕਰੇ,
ਜੱਗੋਂ ਤੇਰ੍ਹਵੇਂ ਕਾਰੇ ਦਿਨ।

ਚੰਗੇ ਦਿਨ ਨਾ ਰਹਿਣ ਕਦੇ,
ਮਾੜੇ ਨਹੀਂ ਪਸਾਰੇ ਦਿਨ।

ਆਉਂਦੇ ਜਾਂਦੇ ਰਹਿਣੇ ਨੇ,
ਇਹ ਸਾਰੇ ਦੇ ਸਾਰੇ ਦਿਨ।

ਮੁੜ੍ਹਕੋ-ਮੁੜ੍ਹਕੀ ਹੋ ਜਾਂਦੇ,
ਮੋਤੀ ਕਿਰਤ ਖ਼ਿਲਾਰੇ ਦਿਨ।

ਸੂਹੇ ਰੰਗ ਗ਼ੁਲਾਬਾਂ ਵਰਗੇ,
ਤੇਰੇ ਨੇ ਉਹ ਸਾਰੇ ਦਿਨ।

ਸੋਚਿਆਂ ਸੋਚ ਨਾ ਹੋਣੇ ਉਹ,
ਜੋ ਤੂੰ ਸੋਚ ਵਿਚਾਰੇ ਦਿਨ।

ਹੁਕਮੈ ਵਿਚ ਹੀ ਵਰਤਣਗੇ,
ਇਸ ਜੀਵਨ ਦੇ ਚਾਰੇ ਦਿਨ।

ਪੱਤੋ-ਪੱਤ ਖਿੰਡਾ ਕੇ ਫਿਰ,
ਪੱਤਝੜ ਆਪ ਸਵਾਰੇ ਦਿਨ।

'ਹਿਰਦੇ' ਕਾਹਨੂੰ ਝੁਰਦੀ ਏਂ,
ਗਈ ਜਵਾਨੀ ਪਿਆਰੇ ਦਿਨ।

ਖ਼ੁਦ ਅੰਮ੍ਰਿਤ ਹੋਈ ਹੈ 'ਹਿਰਦੇ',
ਹੋਏ ਮਿੱਠੇ ਖ਼ਾਰੇ ਦਿਨ।

ਪ੍ਰੇਮ ਨਦੀ ਜਦ ਹੋ ਬੈਠੀ,
ਸਾਗਰ ਛੱਡ ਕਿਨਾਰੇ ਦਿਨ।

*****

ਵੱਸਣ ਤੇਰੇ ਸ਼ਹਿਰ ਗਰਾਂ।
'ਹਿਰਦੇ' ਵਿੱਚੋਂ ਲੋਚ ਕਰਾਂ।

ਨਿੰਮ ਜਾਂ ਹੋਵਣ ਪੱਤ ਸ਼ਰੀਂਹ,
ਸਦਾ ਹੀ ਬੱਝੇ ਰਹਿਣ ਦਰਾਂ।

ਲੈ ਕੇ ਆਵੇ ਸੁਖ਼ਨ ਸੁਨੇਹ,
ਸਾਲ ਨਵਾਂ ਮੈਂ ਅਰਜ਼ ਕਰਾਂ।

ਲਾਲ ਇਬਾਰਤ ਸੁਰਖ਼ੀਆਂ ਦੀ,
ਵੇਖ ਕੇ ਮੈਂ ਅਖਬਾਰ ਡਰਾਂ।

ਰੋਜ਼ ਕਹਾਣੀ ਘੜਨ ਨਵੀਂ,
ਲੋਕੀਂ ਤੇਰੇ ਸ਼ਹਿਰ ਗਰਾਂ।

ਜੁਗਨੂੰ ਤਾਰੇ ਰੌਸ਼ਨੀਆਂ,
ਫੇਰੀਆਂ ਲਾਉਂਦੇ ਰਹਿਣ ਘਰਾਂ।

ਜੁਗ-ਜੁਗ ਜੀਵਣ ਮੀਤ ਸੱਜਣ,
ਦਿਲ ਤੋਂ ਮੈਂ ਅਰਦਾਸ ਕਰਾਂ।

ਕੰਡਿਆਂ ਜ਼ਖ਼ਮੀ ਕੀਤੇ ਜੋ,
ਮੈਂ ਓਹਨਾਂ 'ਤੇ ਮੱਲ੍ਹਮ ਧਰਾਂ।

ਅਸ਼ਕ ਜੋ ਦਿੱਤੇ ਯਾਦ ਤੇਰੀ,
ਓਹਨਾਂ ਦਾ ਦੱਸ ਕੀਹ ਕਰਾਂ?

ਅਜਲੋਂ ਇਸ਼ਕ ਤੇ ਸਾਥ ਮੇਰਾ,
'ਹਿਰਦੇ' ਤੋਂ ਨਾ ਦੂਰ ਕਰਾਂ।

*****

ਖ਼ੁਦ ਦੇ ਅਜ਼ਮ ’ਤੇ ਵਾਸ ਕਰੀਂ।
ਦਿਲ ਦਾ ਨਾ ਵਿਸ਼ਵਾਸ ਧਰੀਂ।

ਦਿਲ ਨਾ-ਸਮਝ ਦੇ ਪਿੱਛੇ ਲੱਗ,
ਜ਼ਿੰਦਗੀ ਦਾ ਨਾ ਨਾਸ ਕਰੀਂ।

ਰੋਣਾ ਹੱਲ ਨਾ ਮੁਸ਼ਕਿਲ ਦਾ,
ਰੋ ਰੋ ਨਾ ਤੂੰ ਦਾਸ ਮਰੀਂ।

ਹੰਝੂ ਸੁੱਚੇ ਮੋਤੀ ਨੇ,
ਗਹਿਰੇ ਸਾਗਰ ਬੁੱਕ ਭਰੀਂ।

ਖ਼ੁਸ਼ੀਆਂ, ਹਾਸੇ, ਦੁੱਖ, ਪੀੜਾਂ,
ਖ਼ਾਮੋਸ਼ੀ ਦੇ ਵਾਸ ਜਰੀਂ।

ਕੰਡਿਆਂ ਉੱਤੇ ਖਿੜੇ ਗ਼ੁਲਾਬ,
ਦੁੱਖਾਂ ਵਿਚ ਬਨਵਾਸ ਕਰੀਂ।

ਗਹਿਰੇ ਸਾਗਰ ਡੁੱਬ ਜਾ ਤੂੰ,
ਦਿਲ ਦੇ ਨਾ ਅਹਿਸਾਸ ਤਰੀਂ।

ਭੀੜ ’ਚ ਕਿਧਰੇ ਗੁੰਮੀ ਨਾ,
ਅੰਤਹ-ਕਰਣ ਉਦਾਸ ਧਰੀਂ।

ਦੁੱਖਦੀ ਉਂਗਲ ਨਾ ਪਾ ਛੱਲਾ,
ਬੇ ਕਦਰਾ ਨਾ ਰੁਦਨ ਕਰੀਂ।

ਜਿੰਦ ਸੂਲੀ ’ਤੇ ਨਾ ਟੰਗੀਂ,
ਦਿਲ ’ਚੋਂ ਨਾ ਪਰਵਾਸ ਕਰੀਂ।

ਲੀਲ੍ਹਾ ਧਾਰੀ ਹੋਈ ‘ਹਿਰਦੇ’
ਉਸਦੇ ਸੰਗ ਨਾ ਰਾਸ ਕਰੀਂ।

ਪੱਲੇ ਬੰਨ੍ਹ ਕੇ ਚੰਗਿਆਈਆਂ,
ਚਾਰੇ ਚੱਕ ਗੁਰਦਾਸ ਤਰੀਂ।

*****

ਚੰਨ ਦੀਆਂ ਰਿਸ਼ਮਾਂ ਚਾਂਦੀ ਰੰਗੀਆਂ, ਨ੍ਹਾ ਕੇ ਚਾਨਣ ਹੋਈ।
ਚੰਨ ਚਕੋਰੀ ਵਸਲੀਂ ਭਿੱਜੇ, ਹੋਈ ਫ਼ਿਜ਼ਾ ਨਰੋਈ।

ਰਾਤਾਂ ਨ੍ਹੇਰੀਆਂ ਦੀ ਗਰਭਣ 'ਚੋਂ, ਜੰਮ ਪੈਂਦਾ ਜਿਉਂ ਸੂਰਜ,
ਕਾਲ-ਗਰਭ 'ਚੋਂ ਲਿਸ਼ਕ ਪੈਣੀ ਹੈ ਚਾਨਣੀਆਂ ਦੀ ਲੋਈ।

ਸੱਤ ਰੰਗੀ ਤਸਵੀਰ ਦਿਸੇਗੀ ਘੁੱਪ-ਹਨ੍ਹੇਰਿਆਂ ਵਿੱਚੋਂ,
ਰਾਤ-ਦਿਨਾਂ ਦੇ ਸੰਗਮ ਨੇ ਹੀ ਕੁਦਰਤ ਹੈ ਵਰਸੋਈ।

ਕੱਜਣ ਕਾਲ ਉਦਾਸੀਆਂ ਵਾਲੇ ਹੋ ਜਾਣੇ ਨੇ ਉੱਜਲੇ,
ਚਾਨਣ ਚਮਕ ਗੁਫ਼ਾਵਾਂ ਵਿਚ ਜਦ ਸੁਰਤਿ ਸ਼ਬਦ ਵਿਚ ਖੋਈ।

ਅੰਤਹ ਕਰਣ 'ਚ ਡੁੱਬ ਕੇ ਜਦ ਮੈਂ, ਅਪਣਾ ਆਪਾ ਵੇਖਾਂ.
ਸੁਰਖ਼-ਸਵੇਰਾ ਬਿਖ਼ਰੇ ਹਰ ਥਾਂ, ਛਟ ਜੇ ਭਰਮ ਦੀ ਲੋਈ।

ਸ਼ੋਜ਼, ਤੜਪ, ਵੈਰਾਗ਼, ਮੁਹੱਬਤ, ਸਭ ਇਸ ਦਿਲ ਦੇ ਹਾਸਿਲ,
ਸ੍ਰਿੜ, ਸਿਦਕ ਤੇ ਹੌਸਲੇ ਰਲ਼ ਕੇ ਜਿੱਤੀ ਜੰਗ ਨਰੋਈ।

ਬਾਰਾਂ ਮਾਸ ਫੁਲੇਂਦੀ ਰਹਿੰਦੀ ਰੁੱਤ ਬਸੰਤੀ ਵਿਹੜੇ,
ਗ਼ੁਲਮੋਹਰ ਦੇ ਫ਼ੁੱਲਾਂ ਸੰਗ ਆਪਾਂ ਜੀਵਨ ਡਾਲ ਪਰੋਈ।

ਮਨ ਦੇ ਰੁੱਖੋਂ ਝੜ ਗਏ ਸਾਰੇ, ਕਲਹ-ਕਲੇਸ਼ੀ ਪੱਤਰ,
ਪਤਝੜ ਪਿੱਛੋਂ ਜਿਉਂ ਰੁੱਖਾਂ ਨੇ, ਲਈ ਫ਼ੁੱਲਾਂ ਦੀ ਲੋਈ।

ਕੰਢਿਆਂ ਦੇ ਵਸਲਾਂ ਦੀ ਖ਼ਾਤਰ, ਰੇਤ ਨਦੀ ਹੋ ਜਾਵੇ,
ਫੁੱਟ ਪਵੇ ਮਾਰੂਥਲ਼ ਵਿੱਚੋਂ ਫ਼ੁੱਲਾਂ ਦੀ ਖ਼ੁਸ਼ਬੋਈ।

ਮਿੱਤਰ ਪਿਆਰਾ ਮਿਲਿਆ ਜਦ ਦਾ, ਮਹਿਕ ਪਿਆ ਹੈ ਜੀਵਨ,
ਫ਼ੁੱਲਾਂ ਵਾਂਗੂੰ ਮਹਿਕਣ ਲੱਗ ਪਈ 'ਹਿਰਦੇ' ਹੋਈ ਨਰੋਈ।

*****

ਜਦ ਤੋਂ ਉਹਨਾਂ ਕੈਦ ਲਏ ਕਰ, ਮਿੱਤਰਾਂ ਦੇ ਸਿਰਨਾਂਵੇਂ।
ਅਸੀਂ ਵੀ ਦਿਲ ’ਤੋਂ ਮੇਟ ਦਿੱਤੇ ਨੇ, ਉਹਨਾਂ ਦੇ ਸਿਰਨਾਂਵੇਂ।

‘ਉਹ’ ਤੇ ‘ਉਹ’ ਖੜ੍ਹ ਗੱਲਾਂ ਕਰਦੇ, ਵੇਖੇ ਨੇ ਕਈ ਵਾਰੀ,
ਕਦੇ-ਕਦੇ ਕੇਹੇ ਜੁੜ ਜਾਂਦੇ ਚਿੱਤਰਾਂ ਦੇ ਸਿਰਨਾਵੇਂ।

ਭਰ ਲਏ ਨੇ ਤੂੰ ਸ਼ੀਸੇ ਦੇ ਵਿਚ, ਕਾਤ੍ਹੋਂ ਏਨੇ ਪੱਥਰ,
ਇਸ ਤੋਂ ਚੰਗਾ ਰੱਖ ਲੈ ਇਕ-ਦੋ, ਹੀਰਿਆਂ ਦੇ ਸਿਰਨਾਵੇਂ।

ਮਨ ਦੀਆਂ ਸੱਧਰਾਂ ਸਾਧਣ ਦੇ ਲਈ, ਜੰਗਲ ਭਰਮਣ ਜਾਏਂ ਕਿਉਂ?
ਜੀਵਨ ਦੇ ਹੀ ਹੋ ਗਏ ਹੁਣ ਤਾਂ, ਜੰਗਲਾਂ ਦੇ ਸਿਰਨਾਵੇਂ?

ਤੰਦਰੁਸਤੀ ਦੀ ਕੁੰਜੀ ਹੱਥੀਂ, ਜ਼ਿੰਦਾ-ਦਿਲ ਲੋਕਾਂ ਦੇ,
ਦਿਲ ਦੀ ਡਾਇਰੀ ਲਿਖ ਜ਼ਿੰਦਾ-ਦਿਲ, ਬੰਦਿਆਂ ਦੇ ਸਿਰਨਾਵੇਂ।

ਖੇਤਰ ਸਾੜੀ ਜਾਨੈਂ ਕੱਢ ਕੇ, ਦਾਣਾ ਅਪਣਾ ਚੋਗਾ,
ਕਿੱਥੋਂ ਜਾ ਲੱਭੇਂਗਾ ਗਾਉਂਦੇ ਪੰਛੀਆਂ ਦੇ ਸਿਰਨਾਵੇਂ?

ਗ਼ਲੀਂ, ਮੁਹੱਲੀਂ, ਘਰ ਘਰ ਅੱਜ-ਕੱਲ੍ਹ, ਹੁਸਨ ਦੇ ਸੌਦੇ ਹੁੰਦੇ,
ਭਲਾ ਕਿਉਂ ਬੰਦਾ ਅਜੇ ਵੀ ਪੁੱਛੇ, ਕੋਠਿਆਂ ਦੇ ਸਿਰਨਾਵੇਂ?

ਦਹਿਸ਼ਤ-ਗ਼ਰਦੀ ਦਰਅਸਲ ਤਾਂ ਨਫ਼ਾ ਖ਼ੋਰੀ ਦਾ ਨਾਂ ਹੈ,
ਲਿਖੇ ਜਾਂਦੇ ਨੇ ਤੇਲ ਖੂਹਾਂ ਲਈ ਮੌਤਾਂ ਦੇ ਸਿਰਨਾਵੇ।

ਚੌਂਕ-ਚੁਰਾਹੇ ਖੁੱਲ੍ਹੇ ਠੇਕੇ, ਕਿਸੇ ਤੋਂ ਕਾਹਨੂੰ ਪੁੱਛੀਏ?
ਕੰਧਾਂ ਉੱਤੇ ਲਿਖੇ ਪਏ ਹੁਣ ਨਸ਼ਿਆਂ ਦੇ ਸਿਰਨਾਵੇਂ।

ਗੰਢਾਂ ਦਿਲ ਦੀਆਂ ਖੋਲ੍ਹਣ ਦੇ ਲਈ ਜੋਗੀ ਕਿਸੇ ਨਾ ਆਉਣਾ,
ਪੜ੍ਹਨੇ ਪੈਣੇ ਆਪੇ ਤੈਨੂੰ ‘ਹਿਰਦੇ ਦੇ ਸਿਰਨਾਂਵੇਂ।

*****

ਬਚਪਨ ਵਿਚ ਮਿਲੀ ਸਿੱਖਿਆ ਦਾ ਤਾਂ ਭਰਮ ਉਦੋਂ ਹੀ ਟੁੱਟ ਜਾਂਦਾ ਹੈ।
ਦੁਨੀਆਂ ਦੀ ਮੱਕਾਰੀ ਵਿਚ ਜਦ ਭੋਲਾ ਬਚਪਨ ਛੁੱਟ ਜਾਂਦਾ ਹੈ।

ਸੱਚ ਹਮੇਸ਼ਾਂ ਤੋਂ ਹੀ ਏਥੇ ਸੂਲ਼ੀ ਉੱਤੇ ਚੜ੍ਹਦਾ ਆਉਂਦਾ,
ਅਕਸਰ ਝੂਠ ਹਮੇਸ਼ਾਂ ਤੋਂ ਹੱਥ ਗੀਤਾ ’ਤੇ ਧਰ ਛੁੱਟ ਜਾਂਦਾ ਹੈ।

ਦੂਜੇ ਬਾਰੇ ਸੱਚ ਸੁਣਾਇਆ ਬਹੁਤ ਸਵਾਦੀ ਲਗਦਾ ਐਪਰ,
ਅਪਣਾ ਸਬਰ ਕਿਉਂ ਅਪਣੇ ਬਾਰੇ ਸੱਚਿਆਈ ਸੁਣ ਟੁੱਟ ਜਾਂਦਾ ਹੈ?

ਉਹ ਦਿਲ ਕਿੰਨੀ ਕੁ ਸਹਿ ਸਕਦਾ ਸਿਤਮ-ਜ਼ਰੀਫ਼ੀ ਇਸ ਦੁਨਿਆਂ ਦੀ,
ਸ਼ੀਸ਼ਾ ਬਣ ਕੇ ਰਹਿੰਦਾ ਹੈ ਜੋ ਐਸਾ ਦਿਲ ਬਸ ਟੁੱਟ ਜਾਂਦਾ ਹੈ।

ਪਿੰਡ ਮੇਰੇ ਦੀਆਂ ਪੌਣਾਂ ਵੀ ਓਦੋਂ ਹੀ ਚੇਤੇ ਆਉਂਦੀਆਂ ਮੈਨੂੰ,
ਸ਼ਹਿਰੀ ਘੁਟਨ ਫ਼ਿਜ਼ਾਵਾਂ ਅੰਦਰ ਸਾਹ ਮੇਰਾ ਜਦ ਘੁੱਟ ਜਾਂਦਾ ਹੈ।

ਕਿੰਨਾ ਅਜ਼ਬ ਹੈ ਕਿੱਸਾ ਸੱਜਣਾ ਸ਼ਹਿਰ ਤੇਰੇ ਦੇ ਸ਼ਹਿਰੀਪਨ ਦਾ,
ਲੁੱਟਿਆ ਜਾਵੇ ਇਸ ਨਗਰੀ ਵਿਚ ਦੂਜੇ ਨੂੰ ਜੋ ਲੁੱਟ ਜਾਂਦਾ ਹੈ।

ਜਿੰਦ ਮਾਲਾ ਦੇ ਮਣਕਿਆਂ ਵਰਗੀ ਸਦਾ ਪਰੋਈ ਰਹਿੰਦੀ ਨਹੀਂਓਂ,
ਇਸ ਵਿੱਚੋਂ ਸਾਹਾਂ ਦਾ ਧਾਗ਼ਾ ਇਕ ਨਾ ਇਕ ਦਿਨ ਟੁੱਟ ਜਾਂਦਾ ਹੈ।

ਰੋਜ਼ ਬਨੇਰੇ ਉੱਤੇ ਬਹਿ ਕੇ ਸਾਡੇ ਚਿੜੀਆਂ ਸੋਚਦੀਆਂ ਨੇ,
ਕੌਣ ਸ਼ਿਕਾਰੀ ਜਾਲ ਜੋ ਆ ਕੇ ਘਰ ਸਾਡੇ ’ਤੇ ਸੁੱਟ ਜਾਂਦਾ ਹੈ।

ਅਪਣੇ ਹੱਥ ਦੀ ਕਿਰਤ-ਕਮਾਈ ਸਾਰੀ ਕੋਈ ਖਾ ਨਹੀਂ ਜਾਂਦਾ,
ਕਿਰਤ ਕਮਾਈ ’ਚੋਂ ਦੇ ਤਿਣਕਾ ਦਾਨੀ ਖ਼ੁਸ਼ੀਆਂ ਲੁੱਟ ਜਾਂਦਾ ਹੈ।

‘ਹਿਰਦੇ’ ਤਾਂ ਕਰਦੀ ਹੈ ਦਾਅਵਾ ਅਪਣੇ ਸਿਰਫ਼ ਨਸੀਬਾਂ ਉੱਤੇ,
ਅਪਣਾ ਹੱਕ ਖਾਣ ਲਈ ਵੀ ਵਕਤ ਕਈ ਵਾਰੀ ਖੁੱਟ ਜਾਂਦਾ ਹੈ।

*****

ਲੱਭੇ ਨਾ ਕੋਈ ਖ਼ਬਰ ਸੁਖਾਵੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।
ਮੱਚ ਗਈ ਕਤਲੋ-ਗ਼ਾਰ ਗ਼ਰਾਵੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।

ਫੜੀਆਂ ਗਈਆਂ ਨੇ ਕੁੱਝ ਔਰਤਾਂ, ਜਿਸਮ-ਫ਼ਰੋਸ਼ੀ ਧੰਦੇ ਦੇ ਵਿਚ,
ਕੁਛ ਮਰਦਾਂ ਦੇ ਵੀ ਨਾਮ ਗਿਣਾਵੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।

ਝੰਡੀ ਵਾਲੀ ਗੱਡੀ ਵਿੱਚੋਂ ਪੋਸਤ-ਭੁੱਕੀ ਫੜ੍ਹੀ ਗਈ ਏ,
ਨੇਤਾਵਾਂ ਦੇ ਪਰ ਨਾਮ ਲੁਕਾਵੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।

ਪੂੰਜੀ-ਪਤੀਆਂ ਦੇ ਸਿਰ ’ਤੇ ਚੱਲਦੀ ਦੇਸ ਮਹਾਨ ਦੀ ਇਹ ਗੱਡੀ,
ਕਿ ਵਜ਼ਾਰਤ ਹੋਈ ਤਿਜ਼ਾਰਤ ਨਾਵੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।

ਜਾਂ ਕੁਝ ਖਾ ਕੇ ਜਾਂ ਅੱਗ ਲਾ ਕੇ ਮਰ ਗਈ ਵਿਆਹੀ ਧੀ ਕੋਈ,
ਹੋਈ ਹੁਣ ਪੁਲਿਸ ਲਚਾਰਾਂ ਸਾਵੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।

ਟੋਟੇ ਚਹੁੰ ਪੁੱਤਰਾਂ ਦੇ ਕਰ ਗਈ, ਹੋਣੀ ਮਾਪਿਆ ਦੇ ਹੀ ਸਾਂਵ੍ਹੇਂ,
ਹੋਣੀ ਆ ਹੋਈ ਆਹਮੋ-ਸਾਵ੍ਹੀਂ, ਰੋਜ਼ ਦਿਆਂ ਅਖ਼ਬਾਰਾਂ ਵਿਚ।

ਕਾਲ਼ੇ ਧਨ ਦੀ ਉਲਟੀ ਪਾ ਦਿੱਤੀ ਖੇਡ ਅਵੱਲਿਆਂ ਸਮਿਆਂ ਨੇ,
ਰਲ਼ ਚੋਰਾਂ ਨਾਲ ਦੁਹਾਈ ਪਾਵੀਂ ਰੋਜ਼ ਦਿਆਂ ਅਖ਼ਬਾਰਾਂ ਵਿਚ।

ਸਾਨੂੰ ਜਿੱਥੇ ਕਰਨਾ ਤੁਸੀਂ ਕਰ ਦਿਉ ਜ਼ਿਬਾਹ ਜੇਸ ਵੀ ਮਕਤਲ ਵਿਚ,
ਸੱਚ ਅਸਾਂ ਬੋਲਣਾ ਫਿਰ ਵੀ ਸਾਵ੍ਹੀਂ ਰੋਜ਼ ਦਿਆਂ ਅਖ਼ਬਾਰਾਂ ਵਿਚ।

ਰੰਗੀਲੇ ਅੱਖਰਾਂ ’ਚੋਂ ‘ਹਿਰਦੇ’ ਜ਼ਹਿਰ-ਜ਼੍ਹਰੀਲੇ ਅਰਥ ਨੇ ਝਰਦੇ,
ਤੂੰ ਸ਼ਰਮੋ-ਸਾਰ ਜ਼ਲਾਲਤ ਗਾਵੀਂ ਰੋਜ਼ ਦਿਆਂ ਅਖ਼ਬਾਰਾਂ ਵਿਚ।

*****

ਮੇਰੀ ਬੇਤਾਬ ਧੜਕਣ ਤਾਈਂ ਰੂਹ ਨੇੜੇ ਕਰੀ ਰੱਖੀਂ।
ਸੁਗੰਧੀ ਸਾਹ ਦੀ ਮੇਰੀ ਤੂੰ ਵੀ ਸਾਹਾਂ ਵਿਚ ਭਰੀ ਰੱਖੀਂ।

ਤੂੰ ਅਪਣਾ ਹੱਥ ਧਰ ਕੇ ਥੰਮ੍ਹ ਲਵੀਂ ਦਿਲ ਧੜਕਦਾ ਮੇਰਾ,
ਨਬਜ਼ ਕਮਜ਼ੋਰ ਮੇਰੀ 'ਤੇ ਨਰਮ ਪੋਟੇ ਧਰੀ ਰੱਖੀਂ।

ਮੈਂ ਕੈਦੀ ਵਲਗਣਾਂ ਦੀ ਦੂਰ ਤੋਂ ਚੰਨ ਵੇਖ ਸਕਨੀ ਆਂ,
ਕਿ ਅਪਣੇ ਚੰਨ ਮੁੱਖੜੇ ਨੂੰ ਮੇਰੇ ਸ੍ਹਾਂਵੇ ਕਰੀ ਰੱਖੀਂ।

ਤੂੰ ਕੇਵਲ ਰਾਤ ਕੱਟਣ ਨੂੰ ਹੀ, ਘਰ ਵਿਚ ਫੇਰਾ ਪਾਵੀਂ ਨਾ,
ਸਦੀਵੀ ਮਹਿਕ ਅਪਣੀ ਨਾਲ, ਵਿਹੜੇ ਨੂੰ ਭਰੀ ਰੱਖੀਂ।

ਇਹ ਟੁੱਟੇ ਤਾਰਿਆਂ ਦੇ ਕਿਣਕੇ, ਮਾਰੂਥਲ਼ ਨਾ ਬਣ ਜਾਵਣ,
ਤੂੰ ਮਾਰੂਥਲ 'ਚ ਵੀ ਰੱਬਾ, ਕੋਈ ਬੂਟੀ ਹਰੀ ਰੱਖੀਂ।

ਨਾ ਵੇਖੀਂ ਐਬ ਦੂਜੇ ਦੇ, ਗਿਣੀ ਪਹਿਲੇ ਗੁਨਾਹ ਅਪਣੇ,
ਬੁਰਾਈ ਤੋਂ ਬਚੀਂ, ਖ਼ੁਦ ਨੂੰ ਬੁਰਾਈ ਤੋਂ ਬਰੀ ਰੱਖੀਂ।

ਗ਼ੁਲਾਬਾਂ ਦੇ ਹੁੰਦਿਆਂ ਹੇਠਾਂ ਜੇ ਕੰਡੇ ਵੀ ਛੁਪੇ ਹੋਵਣ,
ਨਜ਼ਰ ਅਪਣੀ ਮਿਹਰੰਮਤ ਦੀ ਤੂੰ ਮੇਰੇ 'ਤੇ ਕਰੀਂ ਰੱਖੀਂ।

ਲਵਾਂਗੀ ਭਾਲ ਅਪਣੀ ਰੂਹ ਵਿੱਚੋਂ ਹੀ ਚਿਣਗ ਕੋਈ,
ਮਗਰ ਇਸ ਤਨ ਦੀ ਭੱਠੀ ਵਿੱਚ 'ਹਿਰਦੇ' ਨੂੰ ਠਰੀ ਰੱਖੀਂ।

*****

ਸ਼ਹੁ-ਸਾਗਰ ਵਿਚ ਉਤਰਣ ਹੀ ਨਾ, ਲਾਉਂਦੇ ਰਹਿਣ ਬਹਾਨੇ ਲੋਕ।
ਰੇਤ 'ਚ ਜੀਵਨ ਜ਼ੀਰੀ ਜਾਂਦੇ, ਸਾਰੀ ਉਮਰਾਂ ਦਾਨੇ ਲੋਕ।

ਲੱਛਮੀ ਅੱਗੇ ਮਾਇਆ ਧਾਰੀ, ਨੱਚਦੇ ਪਏ ਨੇ ਨਾਚੇ ਬਣ ਬਣ,
ਪੱਥਰਾਂ ਵਿੱਚੋਂ ਲੱਭਦੇ ਮਰ ਗਏ, ਕਿੰਨੇ ਰੱਬ ਦਿਵਾਨੇ ਲੋਕ।

ਮਹੱਲ-ਮਾੜੀਆਂ, ਮੈਂ-ਮੇਰੀ ਦੇ, ਦਾਈਏ ਬੰਨ੍ਹਦੇ ਵੀ ਫਿਰਦੇ ਨੇ,
ਉਹ ਘਰ ਇੱਕੋ ਜਿੱਥੇ ਜਾਂਦੇ, ਆਖ਼ਰ ਨੂੰ ਸ਼ਮਸ਼ਾਨੇ ਲੋਕ।

ਕੰਨਾਂ ਦੇ ਵਿੱਚ ਪਾ ਕੇ ਨੱਤੀਆਂ, ਸਰਦਾਰੀ ਜੋ ਗੁਆ ਬਹਿੰਦੇ,
ਬਣ ਜਾਵਣ ਅਰਦਾਸ ਉਹ ਮੇਰੀ, ਅਗਲੇ ਜਨਮ ਜਨਾਨੇ ਲੋਕ।

ਸਾਰੀ ਉਮਰ ਹੀ ਲੱਗ ਜਾਂਦੀ ਹੈ, ਪਿਰਤ ਬਣਾਉਣ ਲਈ ਬੰਦੇ,
ਬਹੁਤਾ ਕਰਕੇ ਬੇ-ਪਰਤੀਤੇ, ਮਰ ਹੀ ਜਾਣ ਨਦਾਨੇ ਲੋਕ।

ਭੂਤ ਕਾਲ ਦੀ ਕਾਲਖ਼ ਦੂਜਿਆਂ, ਦੇ ਹੀ ਮੱਥੇ ਮਲ਼ਦੇ ਨੇ,
ਠੱਗ ਕਦੋਂ ਦੇ ਬਣ ਗਏ ਸੱਜਣ, ਰਹਿੰਦੇ ਬੇ-ਪਹਿਚਾਨੇ ਲੋਕ।

ਜੀਵਨ ਸਾਥੀ ਨੂੰ ਸਮਰਪਣ, ਮਨ ਅਪਣੇ ਦਾ ਤਾਂ ਕਰਦੇ ਨਾਹੀਂ,
ਇਕ ਛੱਤ ਥੱਲੇ ਸਾਰੀ ਉਮਰਾ, ਕੱਟਦੇ ਦੋ ਅਨਜਾਨੇ ਲੋਕ।

ਸ਼ੁੱਧ 'ਹਿਰਦੇ' ਨੂੰ ਕੀ ਸਮਝਣਗੇ, ਜੋ ਕਲ਼ੀਆਂ ਦੇ ਵਿਉਪਾਰੀ ਨੇ,
ਮਹਿਕਾਂ ਵੰਡਦੇ ਫ਼ੁੱਲਾਂ ਨੂੰ ਵੀ, ਦੇ ਜਾਂਦੇ ਨੇ ਤਾਨ੍ਹੇ ਲੋਕ।

*****

ਹੱਡੀਂ ਸੱਚ ਰਚਾ ਕੇ ਵੇਖੀਂ, ਕੁਫ਼ਰ 'ਚ ਮੱਚਣਾ ਛੱਡ ਪਰ੍ਹਾਂ।
ਹੈ ਅੰਮ੍ਰਿਤ ਰਸ, ਭਾਂਵੇਂ ਕੌੜਾ, ਸੱਚ ਤੋਂ ਭੱਜਣਾ ਛੱਡ ਪਰ੍ਹਾਂ।

ਰਸਿਕ ਰਸੀਲਾ ਝੂਠ ਹੈ ਡਾਢ੍ਹਾ, ਆਦਤ ਐਪਰ ਬਹੁਤ ਬੁਰੀ,
ਰੋਗਾਂ ਦੀ ਇਸ ਜੜ੍ਹ ਦੇ ਮਿੱਠੇ, ਜ਼ਹਿਰ ਨੂੰ ਚੱਟਣਾ ਛੱਡ ਪਰ੍ਹਾਂ।

ਜਾਗਣ ਲਾ ਕੇ ਸ਼ਬਦਾਂ ਨੂੰ ਖ਼ੁਦ, ਗੂੜ੍ਹੀ ਨੀਂਦੇ ਸੌਂ ਜਾਵੇਂ,
ਹੋਰਾਂ ਨੂੰ ਉਪਦੇਸ਼ ਸੁਣਾ ਕੇ, ਆਪੂੰ ਬੱਚਣਾ ਛੱਡ ਪਰ੍ਹਾਂ।

ਸੱਚਾ ਸ਼ਬਦ ਹੈ ਸੱਚਾ ਸਾਹਿਬ, ਸਾਹਿਬ ਸਦਾ ਜਾਗੰਤਾ ਹੈ,
ਇੱਕੋ-ਇਕ ਹੀ ਸੱਚ ਹੈ ਜੱਗ 'ਤੇ, ਝੂਠ 'ਚ ਖੱਚਣਾ ਛੱਡ ਪਰ੍ਹਾਂ।

ਲੱਛਮੀ ਦਾ ਮੁਹਤਾਜ ਹੈਂ ਬਣਿਆ, ਲੋੜਾਂ ਖ਼ਾਤਰ ਗ਼ਰਜ਼ ਤੇਰੀ,
ਲੋੜਾਂ ਗ਼ਰਜ਼ਾਂ ਖ਼ਾਤਰ ਉਸਦੇ, ਅੱਗੇ ਨੱਚਣਾ ਛੱਡ ਪਰ੍ਹਾਂ।

ਲੋਕ ਨਾਗ ਨੂੰ ਕੀਲਣ ਦੇ ਲਈ, ਝੂਠ ਦੀ ਬੀਨ ਵਜਾਵੇਂ ਤੂੰ,
ਦੀਨ-ਦੁਨੀ ਤਾਂ ਭਰਮੀ ਜਾਲ ਹੈ, ਭਰਮ 'ਚ ਫੱਸਣਾ ਛੱਡ ਪਰ੍ਹਾਂ।

ਸ਼ਾਕਰ ਨਹੀਂ ਹੈਂ ਰੱਬ 'ਤੇ ਤਾਂਹੀਂ, ਜੋੜਨ ਤੋੜਨ ਵਿਚ ਰੁੱਝੈਂ,
ਅੰਨ੍ਹੀ ਅਕਲ ਦੇ ਘੋੜੇ ਚੜ੍ਹ ਕੇ, ਸਰਪਟ ਭੱਜਣਾ ਛੱਡ ਪਰ੍ਹਾਂ।

ਸੋਚ ਸ਼ਬਦ ਦੀ ਸਾਣ ਜੇ ਲੱਗ ਜੇ, ਆਤਮ ਚਿੰਤਨ ਹੋ ਜਾਵੇ,
ਮਨ-ਮਾਹਣੂ ਮਤਵਾਲ ਦੀਆਂ ਉਂਗਲਾਂ, ਉੱਤੇ ਨੱਚਣਾ ਛੱਡ ਪਰ੍ਹਾਂ।

ਹਰ ਕਠਪੁਤਲੀ ਓਵੇਂ ਹੀ ਨੱਚਦੀ, ਜੈਸੇ ਨਾਚ ਨਚਾਉਂਦਾ ਉਹ,
ਓਹੀ ਸਭ ਦਾ ਸੂਤਰਧਾਰੀ, ਸ਼ੰਕੇ ਰੱਖਣਾ ਛੱਡ ਪਰ੍ਹਾਂ।

*****

ਅੱਜ ਜ਼ਮੀਰਾਂ ਜਿੰਦਾਂ ਦੁੱਖੜੇ ਜਰਦੀਆਂ ਨੇ।
ਮਰ ਗਇਆਂ ਦੀ ਖ਼ਾਤਰ ਫ਼ਾਂਸੀ ਵਰਦੀਆਂ ਨੇ।

ਜਾਗੀ ਫ਼ਿਤਰਤ ਸਿਦਕ ਤੋਂ ਭੌਂਦੀ ਨਾ ਐਪਰ,
ਉਸਨੂੰ ਵੇਖ ਜ਼ਨੂੰਨੀ ਚਾਲਾਂ ਡਰਦੀਆਂ ਨੇ।

ਅਪਣੇ ਖ਼ਾਬਾਂ ਦੀ ਤਫ਼ਸੀਲ ਕਰਨ ਖ਼ਾਤਰ,
ਜੀਕੂੰ ਜਿੰਦਾਂ ਨਿਸ ਦਿਨ ਭਵਜਲ ਤਰਦੀਆਂ ਨੇ।

ਉੱਠ ਖੜ੍ਹੋਣ ਇਹ ਸ਼ੇਰ ਨਾ ਸੁੱਤੇ ਜੰਗਲ ਦੇ,
ਗਿੱਦੜ, ਲੂੰਬੜ ਧਾੜਾਂ ਦਿਲ ਵਿਚ ਡਰਦੀਆਂ ਨੇ।

ਆਜ਼ਾਦੀ ਦੇ ਜਗਦੇ ਹੋਏ ਗ਼ਲਿਆਰੇ ਵਿਚ,
ਕੂੰਜਾਂ ਵੀ ਖ਼ੁਦ ਆਪੂੰ ਨ੍ਹੇਰੇ ਭਰਦੀਆਂ ਨੇ।

ਸ਼ੀਸ਼ੇ ਦੀਆਂ ਦੀਵਾਰਾਂ ਦੇ ਵਿਚ ਚਹਿਕਦੀਆਂ,
ਭਰਮਾਂ ਦੇ ਸਾਗਰ ਹੁਣ ਮੱਛੀਆਂ ਤਰਦੀਆਂ ਨੇ।

ਬੋਲੀ ਦੁਸ਼ਮਣ ਦੀ ਜਰ ਜਾਂਦੀਆਂ ਹੱਸ ਕੇ ਵੀ,
ਪਰ ਸੱਜਣਾਂ ਦੀ ਚੁੱਪੀ ਨਾਲ ਵੀ ਮਰਦੀਆਂ ਨੇ।

ਜੋ ਸ੍ਹਾਨਾਂ ਦੇ ਜ਼ੋਰ ਆਵਾਰਾ ਨੇ ਹੋਈਆਂ,
'ਹਿਰਦੇ' ਵਰਗੇ ਉੱਗਦੇ ਬੂਟੇ ਚਰਦੀਆਂ ਨੇ।

*****

ਜੋ ਚਾਨਣ ਦੀ ਲੀਕ ਤੋਂ ਮੂੰਹ ਛੁਪਾਂਦੇ ਨੇ।
ਗੂੜ੍ਹੇ ਨ੍ਹੇਰੇ ਨੂੰ ਉਹੀ ਸਦਾ ਹੰਢਾਂਦੇ ਨੇ।

ਮਾੜੇ ਬੰਦੇ ਵਿਚ ਵੀ ਹੁੰਦੇ ਚੰਗੇ ਗੁਣ,
ਪਰ ਉਹਨਾਂ ਨੂੰ ਵਿਰਲੇ ਹੀ ਅਪਣਾਂਦੇ ਨੇ।

ਸੁੱਤੇ ਪਏ ਨੇ ਲੋਕ ਹਨ੍ਹੇਰਾ ਜਾਗ ਰਿਹਾ,
ਸਭ ਅੱਛਾ ਕਹਿ ਉੱਠ ਕੇ ਫਿਰ ਸੌਂ ਜਾਂਦੇ ਨੇ।

ਮਨ ਦੇ ਸ਼ੀਸ਼ੇ ਨਾਲ ਅਸਾਂਵੇਂ ਉੱਤਰਦੇ,
ਅਕਸਰ ਉਹ ਹੀ ਦੂਜੇ ਨੂੰ ਨਿੰਦ ਜਾਂਦੇ ਨੇ।

ਜੋ ਛੱਡ ਜਾਂਦੇ ਕਹਿ ਕੇ ਦੂਜੇ ਨੂੰ ਮਾੜਾ,
ਓਹੀ ਅਪਣੇ-ਆਪ ਦਾ ਭੇਤ ਨਾ ਪਾਂਦੇ ਨੇ।

ਗੂੜ੍ਹਾ ਚਾਨਣ ਲੱਭ ਲੈਂਦੇ ਉਹ ਜੀਵਨ ਦਾ,
ਜਗਿਆਸੂ ਬਣ ਕੇ ਜੋ ਨੈਣ ਵਿਛਾਂਦੇ ਨੇ।

ਉਲਝੇ ਰਹਿ ਜਾਂਦੇ ਜੋ ਨਿੰਦਾ-ਚੁਗ਼ਲੀ ਵਿਚ,
ਉਹ ਦੁਬਿਧਾ ਵਿਚ ਅਪਣਾ ਪਨ ਹਲਕਾਂਦੇ ਨੇ।

ਪਿੰਜਰੇ ਵੀ ਜੋ ਲੈ ਉੱਡੇ ਮੋਹ ਦੇ ਪੰਛੀ,
ਨੋਚ ਕੇ ਅਜੇ ਵੀ ਆਂਦਰਾਂ ਨੂੰ ਉਹ ਖਾਂਦੇ ਨੇ।

ਛੂਹ ਜਾਂਦੇ ਜੋ ਅਜ਼ਮ ਤੋਂ ਉੱਚੇ ਅੰਬਰ ਨੂੰ,
ਪੱਕੇ ਪੈਰੀਂ ਧਰਤੀ ’ਤੇ ਖੜ੍ਹ ਜਾਂਦੇ ਨੇ।

ਭਰਮੇ ਰਹਿੰਦੇ ਜੋ ਸੂਰਤ ਦੇ ਜਲਵਿਆਂ ਵਿਚ,
‘ਹਿਰਦੇ’ ਦੀ ਸੀਰਤ ਦਾ ਭੇਦ ਗਵਾਂਦੇ ਨੇ।

*****

ਜੁਗਨੂੰ ਵੀ ਇਕ ਰਾਹ-ਦਸੇਰਾ ਹੁੰਦਾ ਹੈ।
ਰਾਤਾਂ ਦੀ ਹੀ ਅੱਖ 'ਚ ਸਵੇਰਾ ਹੁੰਦਾ ਹੈ।

ਦੁੱਖ-ਸੁੱਖ ਤਾਂ ਦੋਵੇਂ ਹੀ ਤਨ ਦੇ ਪਹਿਰਨ ਨੇ,
ਨਾਲ ਖ਼ੁਸ਼ੀ ਦੇ ਗ਼ਮ ਦਾ ਡੇਰਾ ਹੁੰਦਾ ਹੈ।

ਨਾ ਘਬਰਾਂਵੀਂ ਕਦੇ ਵੀ ਗ਼ਮ ਦੀਆਂ ਘੜੀਆਂ ਵਿਚ,
ਗ਼ਮ ਵਿਚ ਹੀ ਤਾਂ ਆਸ ਬਸੇਰਾ ਹੁੰਦਾ ਹੈ।

ਦਿਲ ਦੇ ਨ੍ਹੇਰੇ ਖ਼ੁਦ-ਕੁਸ਼ੀਆਂ ਹੀ ਜੰਮਦੇ ਨੇ,
ਹੌਸਲਿਆਂ ਵਿਚ ਸੋਨ ਸਵੇਰਾ ਹੁੰਦਾ ਹੈ।

ਮਾਣ ਮਿਲੇ ਓਸੇ ਨੂੰ ਸਾਰੇ ਜੱਗ ਉੱਤੇ,
ਜੀਦ੍ਹਾ ਖ਼ੁਦ ਦਾ ਅਜ਼ਮ ਉਚੇਰਾ ਹੁੰਦਾ ਹੈ।

ਚੰਨ-ਤਾਰੇ, ਧਰਤੀ ਤੇ ਅੰਬਰ ਸਭ ਥਾਈਂ,
ਚੜ੍ਹਦੇ ਸੂਰਜ ਨਾਲ ਸਵੇਰਾ ਹੁੰਦਾ ਹੈ।

ਠੁੰਮ੍ਹਣਾ ਦੇਣਗੇ ਕੀ ਜੀਵਨ ਨੂੰ ਜਿੰਨ੍ਹਾਂ ਦਾ?
ਨਸ਼ਿਆਂ ਦੀ ਦਲ-ਦਲ਼ ਵਿਚ ਡੇਰਾ ਹੁੰਦਾ ਹੈ।

ਪਿੱਠ ਕਰਕੇ ਹੀ ਤੁਰ ਪੈਂਦਾ ਜੋ ਸੂਰਜ ਵੱਲ,
ਉਸਦਾ ਪਰਛਾਂਵੇਂ ਵੱਲ ਫੇਰਾ ਹੁੰਦਾ ਹੈ।

ਹਾਸੇ ਦੀ ਗੱਲ ਹਾਸੇ ਵਿਚ ਹੀ ਰਹਿਣ ਦਿਓ,
ਹਾਸਾ ਸਿਹਤ ਦੇ ਲਈ ਚੰਗੇਰਾ ਹੁੰਦਾ ਹੈ।

ਸੋਚਾਂ ਵਿਚ ਜੋ 'ਹਿਰਦੇ' ਨੂੰ ਵੀ ਪਾ ਦੇਵੇ,
ਸਾਣ 'ਤੇ ਲੱਗਿਆ ਸ਼ਿਅਰ ਉਹ ਮੇਰਾ ਹੁੰਦਾ ਹੈ।

*****

ਸਾਵਣ ਦੀ ਬਰਸਾਤ ਸੁਹਾਣੀ ਕਿਣਮਿਣ ਕਿਣਮਿਣ।
ਘਰ ਆ ਮਿਲਿਆ ਰੂਹ ਦਾ ਹਾਣੀ ਕਿਣਮਿਣ ਕਿਣਮਿਣ।

ਚੰਨ ਚਿਲਮਨ ਨੂੰ ਵਿੱਚ ਕਲ਼ਾਵੇ ਭਰਨਾ ਬੱਦਲਾਂ,
ਹੰਝੂਆਂ ਨਾਲ ਚਕੋਰਾਂ ਲਾਣੀ ਕਿਣਮਿਣ ਕਿਣਮਿਣ।

ਸੋਖ਼ ਲਵੇ ਜੋ ਪੀੜ ਮੇਰੀ ਨੂੰ ਮੇਰੇ ਮਨ 'ਚੋਂ,
ਹੋਵੇ ਧੜਕਣ ਤ੍ਰਿਪਤ ਧਿਆਣੀ ਕਿਣਮਿਣ ਕਿਣਮਿਣ।

ਤੇਰੇ ਸੁੱਚੇ ਚੁੰਮਣ ਅੱਜ ਵੀ ਧੁੱਖ਼ਦੇ ਹੋਠੀਂ,
ਤਾਂਹੀਂ ਤੇਰੇ ਬਿਰਹੋਂ ਰੂਹ-ਰੂਆਣੀ ਕਿਣਮਿਣ ਕਿਣਮਿਣ।

ਨਾ ਸ਼ਾਇਰਾ ਨਾ ਮੈਂ ਸੁਖ਼ਨੋ-ਸਾਜ ਮੁਹੱਬਤ ਦੀ,
ਰੋਵਾਂ ਨੈਣ ਵਿਯੋਗੀ ਥਾਣੀ ਕਿਣਮਿਣ ਕਿਣਮਿਣ।

ਸੁਰ ਸਾਜੀ ਰੂਹ ਮੇਰੀ ਤੇਰੇ ਗੀਤਾਂ ਨੇ ਹੀ,
ਮਨ ਦੀ ਵੀਣਾ ਥਿਰਕਣ ਲਾਣੀ ਕਿਣਮਿਣ ਕਿਣਮਿਣ।

ਤੇਰੀ ਭਾਲ 'ਚ ਹੁਣ ਮੈਂ ਉਸ ਥਾਂ ਆ ਪਹੁੰਚੀ ਹਾਂ,
ਜਿੱਥੇ ਸੁੱਚੇ ਆ ਕੇ ਮਿਲ ਜਾਣ ਪਾਣੀ ਕਿਣਮਿਣ ਕਿਣਮਿਣ।

ਨੂਰ ਉਦ੍ਹੇ ਨੇ ਮੇਰੇ ਅੰਬਰ ਮੱਲੇ ਸਾਰੇ,
ਰੌਸ਼ਨੀਆਂ ਦੀ ਛਹਿਬਰ ਤਾਣੀ ਕਿਣਮਿਣ ਕਿਣਮਿਣ।

ਮਨ ਦੀ ਸਾਰੀ ਧਰਤ ਪਿਆਸੀ 'ਹਿਰਦੇ' ਦੀ, ਪਰ
ਅੱਖੀਆਂ 'ਚੋਂ ਪਰ ਡੁੱਲ੍ਹਣ ਪਾਣੀ ਕਿਣਮਿਣ ਕਿਣਮਿਣ।

ਮੈਂ ਵੀ ਸੋਚਾਂ ਮੁੜ ਕੇ ਕਿਉਂ ਨਾ ਆਇਆ 'ਹਿਰਦੇ',
ਤੁਰ ਗਿਆ ਓਥੇ ਜਿੱਥੇ ਹਾਣੀ ਕਿਣਮਿਣ ਕਿਣਮਿਣ।

*****

ਸ਼ਾਮ ਢਲੇ ਮੁੜ ਆਵੇਂਗਾ ਤਾਂ ਚੰਗਾ ਹੈ।
ਕਦਮ ਸੰਭਾਲ ਟਿਕਾਵੇਂਗਾ ਤਾਂ ਚੰਗਾ ਹੈ।

ਛੱਡ ਪਗਡੰਡੀਆਂ ਰਾਹੇ-ਰਾਹ ਤੁਰਦਾ ਜਾਵੀਂ,
ਭੀੜ 'ਚ ਗੁੰਮ ਨਾ ਜਾਵੇਂਗਾ ਤਾਂ ਚੰਗਾ ਹੈ।

ਅਪਣੀ ਹਰ ਮੁਸ਼ਕਿਲ ਨੂੰ ਢਾਲ਼ ਬਣਾ ਅਪਣੀ,
ਹਰ ਅੜਚਣ ਲੰਘ ਜਾਵੇਂਗਾ ਤਾਂ ਚੰਗਾ ਹੈ।

ਲੋਕਾਂ ਵੱਲੋਂ ਮਾਰੇ ਪੱਥਰਾਂ ਦੀ ਪੌੜੀ,
ਮੰਜ਼ਿਲ ਲਈ ਬਣਾਵੇਂਗਾ ਤਾਂ ਚੰਗਾ ਹੈ।

ਸੁੱਖਾਂ ਵਿਚ ਮਦਮਸਤ ਜਿਹਾ ਨਾ ਹੋ ਜਾਵੀਂ,
ਦੁੱਖ ਵਿਚ ਨਾ ਘਬਰਾਵੇਂਗਾ ਤਾਂ ਚੰਗਾ ਹੈ।

ਹਰ ਇਕ ਜੰਗ ਵਿਚ ਜਿੱਤ ਜ਼ਰੂਰੀ ਨਹੀਂ ਹੁੰਦੀ,
ਹਾਰ ਤੋਂ ਵੀ ਸਿੱਖ ਜਾਵੇਂਗਾ ਤਾਂ ਚੰਗਾ ਹੈ।

ਕਹਿਣਗੇ ਲੋਕ ਨਾ ਜਾਵੀਂ ਰਾਹ ਬਗਾਵਤ ਦੇ,
ਜ਼ੁਲਮ ਅੱਗੇ ਅੜ ਜਾਵੇਂਗਾ ਤਾਂ ਚੰਗਾ ਹੈ।

ਕਿਰਤ ਕਰਨ ਲਈ ਜਿੱਥੇ ਮਰਜ਼ੀ ਜਾਵੀਂ ਤੂੰ,
ਮੁੜ ਵਤਨੀਂ ਆ ਜਾਵੇਂਗਾ ਤਾਂ ਚੰਗਾ ਹੈ।

ਨਾਸ ਹੋ ਕੇ ਅਵਿਨਾਸ਼ੀ ਹੋ ਜਾਂਦਾ 'ਹਿਰਦੇ',
ਰਾਖ਼ 'ਚੋਂ ਫਿਰ ਉੱਗ ਆਵੇਂਗਾ ਤਾਂ ਚੰਗਾ ਹੈ।

'ਹਿਰਦੇ' ਵਿਚਵੀ ਰੱਖੀਂ ਡਰ ਸੱਚਾਈ ਦਾ,
ਝੂਠ ਨੂੰ ਗ਼ਲ ਨਾ ਲਾਵੇਂਗਾ ਤਾਂ ਚੰਗਾ ਹੈ।

*****

ਪੌਣ ਸ਼ਰਾਰਤ ਕਰ ਜਾਂਦੀ ਏ, ਪੱਲੂ ਦੇ ਸੰਗ ਖਹਿੰਦੇ-ਖਹਿੰਦੇ।
ਸ਼ਰਮ ਹਯਾ ਅੱਖ ਝੁਕ ਜਾਂਦੀ ਏ, ਦਿਲ ਦੀਆਂ ਗੱਲਾਂ
ਕਹਿੰਦੇ-ਕਹਿੰਦੇ।

ਰੂਹ 'ਤੇ ਭਾਰੀ ਬੋਝ ਜਿਹਾ ਹੈ, ਸਹਿ ਜਾਂਵਾਂਗੇ ਸਹਿੰਦੇ ਸਹਿੰਦੇ।
ਕੋਇਲ ਕੂਕ ਨਾ ਚੰਗੀ ਲੱਗਦੀ, ਮਨ 'ਤੇ ਪਹਿਰੇ ਰਹਿੰਦੇ ਰਹਿੰਦੇ।

ਚੁੱਪ ਮੁਖਵਿਰੀ ਕਰ ਜਾਂਦੀ ਏ, ਅੱਖਰਾਂ ਦੇ ਵਿਚ ਢਾਲ਼ ਕੇ ਆਪਾ,
ਦਿਲ ਤੋਂ ਸੱਥਰ ਲਹਿ ਜਾਂਦੇ ਨੇ, ਅੱਖਰਾਂ ਦੇ ਵਿਚ ਵਹਿੰਦੇ ਵਹਿੰਦੇ।

ਕਤਰੇ 'ਚ ਸਮੁੰਦਰ ਭਰ ਜਾਣਾ ਸੀ ਜੇਕਰ ਯਾਦ ਬਣੀਂ ਰਹਿੰਦੀ ਤਾਂ,
ਇੱਕੋ ਛਿਣ ਦੀ ਭੁੱਲੀ ਸਾਂ ਮੈਂ, ਵਿੱਛੜ ਗਈ ਮੈਂ ਵਹਿੰਦੇ ਵਹਿੰਦੇ।

ਵਣਜ ਇਸ਼ਕ ਦੇ ਕੱਚੀਆਂ ਉਮਰਾਂ, ਘਾਟੇ ਉਮਰ ਦੇ ਭੁੱਲਦੇ ਨਹੀਂ ਹਨ,
ਕੱਚੀ ਨੀਂਦੇ ਟੁੱਟਿਆ ਸੁਪਨਾ, ਯਾਦ ਆ ਗਿਆ ਬਹਿੰਦੇ ਬਹਿੰਦੇ।

ਕਿਉਂ ਭਟਕੇਂ ਤੂੰ ਜੰਗਲ-ਬੇਲੇ, ਜੁਗਤੀ ਜੋਗ ਦੀ ਭਾਲਣ ਖ਼ਾਤਿਰ,
ਦਿਲ ਅੰਦਰ ਦੀਆਂ ਰਮਜ਼ਾਂ ਨੂੰ ਤਾਂ, ਥੱਕ ਗਏ ਜੋਗੀ ਕਹਿੰਦੇ ਕਹਿੰਦੇ।

ਕੂੜ ਕੁਫ਼ਰ ਦੇ ਪਹਿਰੇ ਥੱਲੇ, ਅਕਲ ਮੇਰੀ ਹੈਰਾਨ ਖੜ੍ਹੀ ਹੈ,
ਵਰਜਣ ਹੁਣ ਪਏ ਕਾਂ ਹੰਸਾਂ ਨੂੰ, ਸੱਚ ਸੁਣਨ ਤੋਂ ਰਹਿੰਦੇ ਰਹਿੰਦੇ।

ਘੁੱਪ-ਹਨ੍ਹੇਰੇ ਭੇਤਾਂ ਨੂੰ ਹੁਣ ਸਮਝ ਕੇ ਲੜਨਾ ਸਿੱਖ ਲਿਆ ਹੈ,
ਏਸ ਭਰੋਸੇ ਛੱਡ ਗਏ ਸੀ ਉਹਲੜ ਕੇ ਮਰਾਂਗੇ ਢਹਿੰਦੇ ਢਹਿੰਦੇ।

ਭਾਂਵੇਂ ਘਰ ਉਹਦਾ ਦੂਰ ਬੜਾ ਸੀ, ਪਰ ਨਾ ਦੂਰ ਅਸਾਂ ਨੂੰ ਲੱਗਾ,
ਸਬਰ ਦੀ ਕੰਨੀ ਫੜ੍ਹ ਆ ਪਹੁੰਚੇ, ਡਿੱਗਦੇ-ਡਿੱਗਦੇ ਢਹਿੰਦੇ-ਢਹਿੰਦੇ।

ਪਥਰਾ ਗਈਆਂ ਓਹਦੀਆਂ ਅੱਖਾਂ, ਚੇਤਨ ਸ਼ਕਤੀ ਵੀ ਰਹੀ ਜਾਂਦੀ,
ਚਰਨਾਂ 'ਤੇ ਫਿਰ ਢਹਿ ਪਈ 'ਹਿਰਦੇ', ਸਾਂਵ੍ਹੇਂ ਓਹਦੇ ਬਹਿੰਦੇ ਬਹਿੰਦੇ।

*****

ਤੇਰੇ ਮੇਰੇ ਨੈਣਾਂ ਦੀ ਗੱਲਬਾਤ ਨਿਰਾਲੀ ਲੱਗਦੀ ਹੈ।
ਆਸ਼ਕ ਤਾਈਂ ਪਿਆਰ ਦੀ ਹੀ ਸੌਗ਼ਾਤ ਨਿਰਾਲੀ ਲੱਗਦੀ ਹੈ।

ਹਰ ਪਲ, ਹਰ ਛਿਣ, ਹਰ ਘੜੀ, ਦਿਨ ਰਾਤ ਦਿਵਾਲੀ ਖ਼ੁਸ਼ੀਆਂ ਦੀ,
ਕੰਜ-ਕੁਆਰੀਆਂ ਰੀਝਾਂ ਦੀ, ਪਰਭਾਤ ਨਿਰਾਲੀ ਲੱਗਦੀ ਹੈ।

ਟੁੱਟ ਜਾਂਦਾ ਹੈ ਬਚਪਨ ਸੁਪਨਾ, ਉਹਦੀ ਆਛੂਤੀ ਛੋਹ ਸੰਗ ਹੀ,
ਦੇਹਲੀ ਬਾਬਲ ਦੀ ਤੋਂ ਉੱਠਦੀ, ਝਾਤ ਨਿਰਾਲੀ ਲੱਗਦੀ ਹੈ।

ਰੁੱਤ ਨਬਾਲਗ ਉੱਧਲ ਨਾ ਜਾਵੇ ਸੱਖਣੀ ਪਿਆਰਾਂ ਤੋਂ ਕਿਧਰੇ,
ਰੁੱਖਾਂ ਵਲ ਵੇਲਾਂ ਦੇ ਝੁਕਣ ਦੀ ਕਿਉਂ ਬਾਤ ਨਿਰਾਲੀ ਲੱਗਦੀ ਹੈ?

ਕੋਰੇ-ਕੋਰੇ ਦਿਲਾਂ ਦੇ ਰਿਸ਼ਤੇ, ਹੁੰਦੇ ਨੇ ਫ਼ਰਿਆਦਾਂ ਜਹੇ,
ਸੋਲ੍ਹਾਂ ਸਾਲ ਦੀ ਕੱਚੀ ਉਮਰੇ ਦਾਤ ਨਿਰਾਲੀ ਲੱਗਦੀ ਹੈ।

ਅੱਲ੍ਹੜ ਕੋਰੇ ਮਨ ਦੀ ਪੂੰਜੀ, ਰਾਸ ਬਿਗਾਨੀ ਹੋ ਜਾਵੇ,
ਏਸੇ ਉਮਰੇ ਅੱਲ੍ਹੜਾਂ ਨੂੰ ਨਵਜਾਤ ਨਿਰਾਲੀ ਲੱਗਦੀ ਹੈ।

ਗੀਤ ਬੁੱਲ੍ਹਾਂ ’ਤੇ ਫਰਕਣ ਲੱਗਦੇ ਦਿਲ ਨੂੰ ਦੇਣ ਹਲੂਣਾ ਵੀ,
ਕੋਮਲ ਉਮਰ ’ਚ ਤਰਜ਼ਾਂ ਵਿਚਲੀ ਬਾਤ ਨਿਰਾਲੀ ਲੱਗਦੀ ਹੈ।

ਹਰਕਤਰਾ ਇਕ ਨਦੀ ਹੋ ਜਾਏ ਨਦੀਆਂ ਮਿਲਕੇ ਫਿਰ ਸਾਗਰ,
ਅਜ਼ਲ ਤੋਂ ਇਹਨਾਂ ਝੱਲੀਆਂ ਨੂੰ ਨਵਜ਼ਾਤ ਨਿਰਾਲੀ ਲਗਦੀ ਹੈ।

*****

ਧੋਖ਼ੇਬਾਜ਼ਾ ਬਿਨ ਤੇਰੇ ਮੈਂ ਜੀਣਾ ਸਿੱਖ ਲਿਆ ਹੈ।
ਸਬਰ ਪਿਆਲਾ ਕੌੜਾ ਹੈ ਪਰ ਪੀਣਾ ਸਿੱਖ ਲਿਆ ਹੈ।

ਸਦੀਆਂ ਲੰਘ ਗਈਆਂ ਨੇ ਛੱਡ ਕੇ ਤੁਰ ਗਿਆ ਸੀ ਸਾਨੂੰ,
ਮੈਂ ਦਿਲ ਦੇ ਜ਼ਖ਼ਮਾਂ ਨੂੰ ਹੁਣ ਸੀਣਾ ਸਿੱਖ ਲਿਆ ਹੈ।

ਛੱਡ ਦਿੱਤੀ ਅਜਮਾਇਸ਼ ਕਰਨੀ ਆਪਾਂ ਹੁਣ ਕਿਸਮਤ ਦੀ,
ਜੀਵਨ ਦੇ ਹਰ ਰੰਗ ਹਾਲਾਤ 'ਚ ਥੀਣਾ ਸਿੱਖ ਲਿਆ ਹੈ।

ਚਿੰਤਾ ਕਰਨੀ ਛੱਡ ਕੇ ਜਿੰਦ ਨੂੰ ਚਿੰਤਨ ਵਿਚ ਹੈ ਪਾਇਆ,
ਹਰ ਇਕ ਸਾਹਸੰਗ ਵੱਜਣਾ ਵਾਂਗੂੰ ਵੀਣਾ ਸਿੱਖ ਲਿਆ ਹੈ।

ਪੀਸੀਦਾ ਨਹੀਂ ਹੱਡਾਂ ਨੂੰ ਹੁਣ ਝੋਰੇ ਦੀ ਚੱਕੀ ਵਿਚ,
ਕਰਮ ਕਲ਼ਮ ਦੀ ਚੱਕੀ ਵਿਚ ਗ਼ਮ ਪੀਹਣਾ ਸਿੱਖ ਲਿਆ ਹੈ।

*****

ਰਿਮ-ਝਿਮ ਹੈ ਸਾਉਣ ਦੀ ਅਜੇ ਮਿਟਦੀ ਨਾ ਪਿਆਸ ਹੈ।
ਮੇਰਾ ਹੈ ਦਿਲ ਉਦਾਸ ਤਾਂ ਹਰ ਮੌਸਮ ਉਦਾਸ ਹੈ।

ਪੌਣਾਂ ਦਾ ਨਿਰਤ ਫ਼ਿਤਰਤ ਦਿਲ ਨਾ ਬਦਲ ਸਕੇ,
ਅੰਬਰ ਤੇ ਧਰਤੀ ਉੱਤੇ ਗ਼ਮ ਦਾ ਹੀ ਵਾਸ ਹੈ।

ਬਾਹਰ ਵੀ ਪੱਸਰੀ ਚੁੱਪ ਸਨਾਟਾ ਅੰਤਹਕਰਣ,
ਖ਼ਾਮੋਸ਼ੀ ’ਚੋਂ ਤੁਫ਼ਾਨਾਂ ਦਾ ਸਾਂਵਾਂ ਅਭਾਸ ਹੈ।

ਜਦ ਵੀ ਕਿਤੇ ਮੈਂ ਕੋਈ ਜੇ ਆਲ੍ਹਣਾ ਬਣਾ ਲਿਆ ਤਾਂ,
ਹਰ ਵਾਰ ਹੀ ਤੁਫ਼ਾਨਾਂ ਕਰ ਦਿੱਤਾ ਉਹ ਸਰਵਨਾਸ ਹੈ।

ਗ਼ਮਗੀਨ ਨੇ ਹਵਾਵਾਂ ਫ਼ੁੱਲ ਪੱਤੇ ਵੀ ਉਦਾਸ ਨੇ,
ਸਾਇਆ ਵੀ ਹੁਣ ਨਾ ਮੇਰਾ ਰਿਹਾ ਮੇਰੇ ਪਾਸ ਹੈ।

ਸੋਚਾਂ ’ਚ ਗਰਮੀ ਨਾ ਰਹੀ ਸੱਧਰਾਂ ਵੀ ਮਰ ਗਈਆਂ,
ਜਿਸਮ ’ਚੋਂ ਵੀ ਰੂਹ ਮੇਰੀ ਲੈ ਗਈ ਪ੍ਰਵਾਸ ਹੈ।

ਲੱਗਦਾ ਹੈ ਧਰਤੀ ਵਿੱਚੋਂ ਵੀ ਹੁਣ ਸੁੱਕ ਗਿਆ ਹੈ ਜਲ,
ਏਸੇ ਲਈ ਨੈਣਾਂ ’ਚੋਂ ਨਾ ਵਹਿੰਦਾ ਬਿਆਸ ਹੈ।

ਅੰਦਾਜ਼ੇ ਨਾਲੋਂ ਨਾਪਿਆਂ ਲੱਗ ਜਾਏਗਾ ਪਤਾ,
ਠਹਿਰੇ ਹੋਏ ਵੀ ਦਰਿਆਦਾ ਕੀ ਅਭਾਸ ਹੈ?

ਤਸਵੀਰ ਤੇਰੀ ਮੇਰਾ ਨਾ ਦਿਲ ਵਰਾ ਸਕੇ,
ਖ਼ਾਮੋਸ਼ੀਆਂ ਸੰਗ ਮਾਰਨਾ ਅੰਦਾਜ਼ ਖ਼ਾਸ ਹੈ।

ਮੈਂ ਤਾਂ ਲਹੂ ਵੀ ਡੋਲ੍ਹ ਕੇ ਸਿੰਜੀ ਜ਼ਮੀਨ ਸੀ,
‘ਹਿਰਦੇ’ ਲਈ ਨਾ ਪਰ ਕਿਤੇ ਫ਼ੁੱਲਾਂ ਦੀ ਬਾਸ ਹੈ।

*****

ਚਾਨਣ ਦੀ ਫ਼ੁਲਕਾਰੀ ਤੋਪੇ ਪਾ ਥੱਕੀ।
ਸੂਰਜ ਚੰਨ ਗ਼ਲੋਟੇ ਕਿੰਨੇ ਲਾਹ ਥੱਕੀ।

ਕਿੰਨੀ ਅੱਗ ਸਮੇਟੀ ਹੈ ਇਸ ਦਿਲ ਨੇ ਵੀ,
ਬੁੱਕਲ਼ ਦੇ ਵਿਚ ਹਾਵਾਂ ਸੇਕ ਛੁਪਾ ਥੱਕੀ।

ਮੇਰੀ ਕਿਸਮਤ ਦੇ ਸਿਤਾਰੇ ਬਿਖ਼ਰ ਗਏ,
ਉਹਦੀ ਰਹਿਮਤ ਮੈਨੂੰ ਲਾਰੇ ਲਾ ਥੱਕੀ।

ਕਾਲਖ਼ ਦੇ ਗਿਆ ਸੀ ਉਹ ਮੈਨੂੰ ਕੱਤਣ ਨੂੰ,
ਝੂਠੇ ਤੋਪੇ ਲਾਰਿਆਂ ਵਾਲੇ ਪਾ ਥੱਕੀ।

ਜਿੰਦ ਮੇਰੀ ਤਾਂ ਹੋ ਗਈ ਧੁੱਖ਼ਦੀ ਧੂਫ਼ ਜਿਹੀ,
ਮਨ ਤੇਰੇ ਨਾ ਵੱਸੀ ਮਹਿਕ ਖਿੰਡਾ ਥੱਕੀ।

ਟੁਕੜੇ-ਟੁਕੜੇ ਹੋ ਗਏ, ਦਿਲ ਦੇ ਦਰਦਾਂ ਨੂੰ,
ਕਾਗ਼ਜ਼ ਦੇ ਸੀਨੇ ’ਤੇ ਹਰਫ਼ ਬਣਾ ਥੱਕੀ।

ਦੇਹੀ ਨਾਦ ਦੇ ਵਿਚ ਜੋ ਗੁੰਮੇ ਬੈਠੇ ਨੇ,
ਗ਼ਫ਼ਲਤ ’ਚੋਂ ਨਾ ਉੱਠੇ ਨਾਦ ਵਜਾ ਥੱਕੀ।

ਸ਼ਾਹ ਸਿਕੰਦਰ ਜੋ ਬਣ ਬੈਠੇ ਤੱਖ਼ਤਾਂ ’ਤੇ,
ਤੁਰ ਗਇਆਂ ਦੇ ਖ਼ਾਲੀ ਹੱਥ ਵਿਖਾ ਥੱਕੀ।

ਤੁਰ ਜਾਣਾ ਹੈ ਅਸਾਂ ਵੀ ਸਾਨੂੰ ਪਤਾ ਹੈ ਇਹ,
ਬੈਠੇ ਰਹਿਣ ਦੇ ਪੱਕੇ ਦਾਈਏ ਲਾ ਥੱਕੀ।

ਫ਼ੁੱਲਾਂ ’ਚੋਂ ਖ਼ੁਸ਼ਬੂ ਤਾਂ ਵਕਤ ਨੇ ਖੋਹ ਲਈ ਹੈ,
‘ਹਿਰਦੇ’ ਲੱਖ ਕਿਤਾਬੀਂ ਫ਼ੁੱਲ ਸੁਕਾ ਥੱਕੀ।

*****

ਮੇਰਾ ਇਸ਼ਕ ਸਦਾ ਹੀ ਜੀਵੇ, ਏਹੀ ਅਰਦਾਸ ਕਰਾਂ।
ਚੜ੍ਹਦੀ ਰਵ੍ਹਾਂ ਇਲਮ ਦੀ ਪੌੜੀ, ਹੁਨਰ ਦਾ ਦਮ ਭਰਾਂ।

ਬਿਰਹੋਂ ਕੁੱਠਾ ਤਾਣ ਚੰਦੋਆ, ਵੇਦੀ ਬਹਿ ਕੇ ਮੈਂ,
ਵਿਚ ਦਰਦ ਅਹੂਤੀ ਪਾ ਕੇ, ਇਸ਼ਕ ਦਾ ਹਵਨ ਕਰਾਂ।

ਤੇਰੇ ਇਸ਼ਕ ਹਜ਼ੂਰੀ ਬਹਿ ਕੇ, ਸੱਜਣਾ ਹਰ ਵੇਲੇ,
ਵਿਰਦ ਤੇਰੇ ਵਿਚ ਗ਼ਮਰੁੱਠ ਗੀਤਾਂ ਦਾ ਹੀ ਲਾਗ ਧਰਾਂ।

ਬਾਰਾਂ-ਮਾਸੀਂ ਪੀੜ ਪ੍ਰਾਹੁਣੀ ਸਜ ਕੇ ਆ ਬਹਿੰਦੀ,
ਮਨ ਰਾਜੇ ਦੇ ਰੰਗ-ਰੰਗੀਲੇ ਉੱਚੇ ਮਹਿਲ ਸਰਾਂ।

ਹੰਝੂਆਂ ਦੇ ਵਿਚ ਪੀਹ ਕੇ ਸੁੱਚੇ ਮਨ ਦੀਆਂ ਪੀੜਾਂ ਨੂੰ,
ਸੀਤਲ ਚਾਨਣੀਆਂ ਦੇ ਵਿਚ ਬਹਿ ਕੇ ਸਿਆਹੀਦਾਨ ਭਰਾਂ।

ਇਹ ਤਨ ਮਿੱਟੀ ਦੀ ਢੇਰੀ ਹੈ, ਏਹੀ ਸੋਚ ਕੇ ਮੈਂ,
ਢਹਿੰਦੀ ਢਹਿੰਦੀ ਢਹਿ ਜਾਵਾਂ, ਤੇ ਕਦੀ ਮੈਂ ਫਿਰ ਉੱਸਰਾਂ।

ਮੇਰੇ ਬੂਹੇ ਦਸਤਕ ਦੇਣ ਹਵਾਂਵਾਂ ਝੱਖੜਾਂ ਜਿਹੀਆਂ,
ਇਹਨਾਂ ਗ਼ਾਫਲ ਫਿਰਦੀਆਂ ਪੌਣਾਂ ਕੋਲੋਂ ਮੈਂ ਏਸੇ ਲਈ ਡਰਾਂ।

ਏਸ ਹਨ੍ਹੇਰ ਭਵਿੱਖ ਦੀ ਬੁੱਕਲ਼ ਵਿਚ ਕੀ ਚਿਣਗ ਭਰੀ ਹੈ,
ਸਾਨੂੰ ਦੇ ਦੇਵੀਂ ਤੂੰ ਰੱਬਾ ਸਦਾ ਹੀ ਚੰਗੀਆਂ ਖ਼ਬਰਾਂ।

ਮੇਰਾ ਮਨ ਪਰਦੇਸੀ ਛੋਂਹਦਾ ਉੱਡਣ ਪਰਿੰਦਿਆਂ ਨੂੰ,
ਉਹਨੂੰ ਫੜ੍ਹ ਸਾਹਾਂ ਦੇ ਪਿੰਜਰੇ ਅੰਦਰ ਕੈਦ ਕਰਾਂ।

ਵਿਚ ਮੰਝਧਾਰ ਦੇ ਕੱਲ੍ਹੀ ਘਿਰ ਨਾ ਜਾਵੀਂ 'ਹਿਰਦੇ',
ਸਿਰੜ ਦੇ ਚੱਪੂ ਲੈ ਕੇ ਮੈਂ ਵੀਂ ਤੇਰੇ ਨਾਲ ਤਰਾਂ।

*****

ਮੌਸਮ ਤੇਰੇ ਨਾਲ ਸੁਹਾਨਾ ਹੁੰਦਾ ਹੈ।
ਜੀਵਨ ਫਿਰ ਰੰਗੀਨ ਤਰਾਨਾ ਹੁੰਦਾ ਹੈ।

ਝਰਨੇ ਵਿਚ ਵੀ ਅਜਬ ਤਰਾਨਾ ਹੁੰਦਾ ਹੈ।
ਖਿੱਚ ਖਾ ਕੇ ਤੁਰਿਆ ਮਸਤਾਨਾ ਹੁੰਦਾ ਹੈ।

ਸ਼ਾਮ-ਸੁਬ੍ਹਾ ਨੂੰ ਹੁੰਦਾ ਹੈ ਦਿਲ ਸ਼ਾਦ ਜਿਹਾ,
ਝੂਮ ਰਿਹਾ ਮਸਤੀ ’ਚ ਦੀਵਾਨਾ ਹੁੰਦਾ ਹੈ।

ਸੁਪਨ-ਸਲੋਨੀਆਂ ਨਿਰਮਲ ਨਿਰਮਲ ਰਾਤਾਂ ਵਿਚ,
ਬਚਪਨ ਦਾ ਹਰ ਪਲ ਸ਼ਾਹਾਨਾ ਹੁੰਦਾ ਹੈ।

ਦੋ ਦਿਲ ਮਿਲ ਕੇ ਇੱਕ ਜਿੰਦੜੀ ਜਦ ਹੋ ਜਾਂਦੇ,
ਦਿਲ ਵਿਚ ਛਿੜਦਾ ਪਿਆਰ ਤਰਾਨਾ ਹੁੰਦਾ ਹੈ।

ਅੱਖੀਆਂ ਵੱਲੋਂ ਕੀਤੀ ਹੋਈ ਸ਼ਰਾਰਤ ਦਾ,
ਦਿਲ ਨੇ ਹੀ ਭਰਨਾ ਹਰਜਾਨਾ ਹੁੰਦਾ ਹੈ।

ਨਫ਼ਰਤ, ਹਸਦ, ਮੁਕਾ ਦੇ ਦਿਲ ’ਚੋਂ ਦੂਈ ਵੀ,
ਪਿਆਰ ਮੁਹੱਬਤ ਪਾਕਿ ਖ਼ਜ਼ਾਨਾ ਹੁੰਦਾ ਹੈ।

ਅਜਬ ਹੀ ਰੰਗ ਦੀ ਮਸਤੀ ਹੈ ਹੁਣ ਜੀਵਨ ਦੀ,
ਮਸਤੀ ਹੀ ‘ਹਿਰਦੇ’ ਦਾ ਨਿਸ਼ਾਨਾ ਹੁੰਦਾ ਹੈ।

*****

ਉਹ ਪਲ ਵੀ ਨਾ ਭੁੱਲਣ ਵਾਲੇ ਹੁੰਦੇ ਨੇ।
ਪਲ ਜੋ ਸਖ਼ੀਆਂ ਆਪ ਵਿਸਾਲੇ ਹੁੰਦੇ ਨੇ।

ਹਮਰਾਹੀ ਬਣ ਸੰਗ ਤੁਰਦੇ ਨੇ ਦੁੱਖ ਸਦਾ,
ਸੁੱਖ ਤਾਂ ਪਲ ਦੇ ਭਰਮ ਪਿਆਲੇ ਹੁੰਦੇ ਨੇ।

ਓਹੀ ਕੀਮਤ ਜਾਨਣ ਸੱਚੇ ਸੁੱਖਾਂ ਦੀ,
ਜਿਹਨਾਂ ਬੁੱਕਲੀਂ ਗ਼ਮ ਸੰਭਾਲੇ ਹੁੰਦੇ ਨੇ।

ਸੋਨ-ਸੁਨਿਹਰੀ ਸਰਘੀ ਵਾਲੇ ਚਾਨਣ ਵਿਚ,
ਕੁਦਰਤ ਦੇ ਸਭ ਰੰਗ ਨਿਰਾਲੇ ਹੁੰਦੇ ਨੇ।

ਮਖ਼ਮਲ ਵਰਗੇ ਬਦਨ ਜੋ ਚੀਚਕ ਵਹੁਟੀਆਂ ਦੇ,
ਰੰਗ-ਰੱਤੜੇ ਸੋਹਾਗ ਦੁਸ਼ਾਲੇ ਹੁੰਦੇ ਨੇ।

ਅਰਸ਼ਾਂ ਦੇ ਵਿੱਚ ਪਹੁੰਚਣ ਵਾਲੇ ਪੰਛੀ ਤਾਂ,
ਤੁੰਦ ਹਵਾਵਾਂ ਦੇ ਮਤਵਾਲੇ ਹੁੰਦੇ ਨੇ।

ਰੀਤਾਂ ਰਸਮਾਂ ਦੇ ਬੰਧਨ ਵਿਚ ਜਕੜੇ ਜੋ,
ਐਸੇ ਆਸ਼ਿਕ ਦਿਲ ਦੇ ਕਾਲ਼ੇ ਹੁੰਦੇ ਨੇ।

ਉਹਨਾਂ ਨੂੰ ਕੀ ਪ੍ਰੋਣਾ ਦਰਦ ਵਿਛੋੜੇ ਦਾ,
ਦਰਦ ਜਿਨ੍ਹਾਂ ਨੇ ਸ਼ਿਅਰੀਂ ਢਾਲ਼ੇ ਹੁੰਦੇ ਨੇ।

ਦਿਲ ਦੇ ਤਖ਼ਤ ਬਿਠਾਉਂਦੀ ‘ਹਿਰਦੇ’ ਜਿਨ੍ਹਾਂ ਨੂੰ,
ਸੱਚੀ-ਸੁੱਚੀ ਫ਼ਿਤਰਤ ਵਾਲੇ ਹੁੰਦੇ ਨੇ।

*****

ਰਾਤ ਗ਼ਮਾਂ ਦੀ ਕਾਲ਼ੀਆਂ ਨਦੀਆਂ ਤਰ ਜਾਵਾਂ।
ਚਿੱਟੇ ਚਾਨਣ ਵਿਚ ਰੰਗੀਨੀ ਭਰ ਜਾਵਾਂ।

ਨੈਣਾਂ ਦੇ ਵਿਚ ਤਰਦੇ ਸੁਪਨੇ ਲੈ ਕੇ ਮੈਂ,
ਤੇਰੇ ਘਰ ਤੋਂ ਬਿਨ ਹੁਣ, ਕਿਹੜੇ ਘਰ ਜਾਵਾਂ?

ਮੈਂ ਤਾਂ ਤੇਰੇ ਰੰਗ ਵਿਚ ਆਪਾ ਰੰਗਿਆ ਸੀ,
ਹੁਣ ਬਦ-ਰੰਗੀ ਹੋ ਕੇ, ਕਿਹੜੇ ਦਰ ਜਾਵਾਂ?

ਲਾਰਿਆਂ ਵਿੱਚੋਂ ਬਫ਼ਾ ਜੇ ਨਜ਼ਰੀਂ ਆਵੇ ਤਾਂ,
ਤੇਰੀ ਬੇ-ਵਫ਼ਾਈ, ਕਿਸ ਨਾਂ ਕਰ ਜਾਵਾਂ?

ਠਰੀਆਂ ਸੱਧਰਾਂ, ਦਿਲ ਵਿਚ, ਜੰਮੀਆਂ ਪੀੜਾਂ ਨੂੰ,
ਕਿਸ ਦੀ ਗਰਮ ਤਲੀ ਦੇ, ਉੱਤੇ ਧਰ ਜਾਵਾਂ?

ਵਾਵਾਂ ਹੀ ਨਾ ਦਿੱਤਾ, ਮੈਨੂੰ ਟਿਕਣ ਕਿਤੇ,
ਦਿਲ ਕਰਦਾ ਸੀ ਉਸ ਥਲ਼ ਉੱਤੇ ਵ੍ਹਰ ਜਾਂਵਾਂ।

ਵਿੱਸਰੀ ਸਾਰੀ ਦੁਨੀਆਂ ਪਰ ਤੂੰ ਯਾਦ ਰਿਹਾ,
ਦਿਲ ਕਰਦਾ ਹੈ ਯਾਦਾਂ ਵਿਚ ਹੀ ਮਰ ਜਾਂਵਾਂ।

ਜੀਵਨ ਭਰ ਜੇ ਸਾਥ ਤੇਰਾ ਹੀ ਮਿਲ ਜਾਵੇ,
ਤੇਰੀਆਂ ਖ਼ੈਰਾਂ ਖ਼ਾਤਿਰ ਆਪਾ ਵਰ ਜਾਂਵਾਂ।

ਵਰ੍ਹਿਆਂ ਬਾਦ ਜੋ ਹਾਲ ਤੂੰ ਮੈਨੂੰ ਪੁੱਛ ਰਿਹੈਂ,
ਜ਼ਖ਼ਮ ਪੁਰਾਣੇ ਫੋਲ਼ਾਂ, ਜਾਂ ਚੁੱਪ ਕਰ ਜਾਂਵਾਂ?

ਦਰਦ ਦਵਾ ਜਦ 'ਹਿਰਦੇ' ਦੀ ਹੁਣ ਬਣ ਗਈ ਹੈ,
ਹੋਰ ਤਬੀਬ ਕਿਸੇ ਦੇ, ਕਾਹਨੂੰ ਦਰ ਜਾਵਾਂ?

*****

ਹੋਵੇ ਜਲ-ਥਲ ਧਰਤੀ ਬੰਜਰ, ਫੇਰ ਵੀ ਪਿਆਸੀ ਰਹਾਂ।
ਜੇ ਬਣੇ ਦਰਿਆ ਬਸੰਤਰ, ਫੇਰ ਵੀ ਪਿਆਸੀ ਰਹਾਂ।

ਰੱਬਾ ਮੇਰੇ ਇਸ਼ਕ ਦੀ ਤਾਂ, ਪਿਆਸ ਜਾਗੀ ਹੀ ਰਹੇ,
ਪੀ ਲਵਾਂ ਸਾਰਾ ਸਮੁੰਦਰ, ਫੇਰ ਵੀ ਪਿਆਸੀ ਰਹਾਂ।

ਤਿੱਤਲੀਆਂ ਦੇ ਖੰਭਾਂ ਉੱਤੇ, ਰੰਗਾਂ ਦੀ ਮਹਿਫ਼ਲ ਰਹੇ,
ਹੋਵੇ ਰੰਗ ਦਾ ਮੇਲ ਅੰਦਰ, ਫੇਰ ਵੀ ਪਿਆਸੀ ਰਹਾਂ।

ਰੱਬਾ ਮੇਰੇ ਮੈਨੂੰ ਜਾਂ ਤੌਫ਼ੀਕ ਦੇ, ਜਾਂ ਦੇ ਹੁਨਰ,
ਜ਼ਬਤ ਦਾ ਬਣ ਕੇ ਸਮੁੰਦਰ, ਫੇਰ ਵੀ ਪਿਆਸੀ ਰਹਾਂ।

ਸੱਤ ਸਮੁੰਦਰ ਪਾਣੀਆਂ ਦੇ, ਲੈ ਤੁਰਨ ਮੈਨੂੰ ਵੀ ਨਾਲ,
ਰਹਿ ਕੇ ਜਲ ਪ੍ਰਪਾਤ ਅੰਦਰ, ਫੇਰ ਵੀ ਪਿਆਸੀ ਰਹਾਂ।

ਕਮਲ ਦੀ ਹਰ ਇਕ ਪੱਤੀ, ਤਾ-ਉਮਰ ਖਿੜਦੀ ਰਹੇ,
ਰਸ ਭਰੀ ਹੋ ਜਾਵੇ ਗੰਧਰ, ਫੇਰ ਵੀ ਪਿਆਸੀ ਰਹਾਂ।

ਪੀ ਕੇ ਅੰਮ੍ਰਿਤ ਦਾ ਚੁਲ਼ਾ ਇਕ ਸਾਰੀ ਤਰਿਸ਼ਨਾ ਜਾਏ ਮਿਟ,
ਹੋ ਜੇ 'ਹਿਰਦੇ' ਹਰਿ ਕਾ ਮੰਦਰ, ਫੇਰ ਵੀ ਪਿਆਸੀ ਰਹਾਂ।

*****

ਮਿਲਣਾ ਤੇ ਵਿਛੜਣਾ ਹੀ ਇਸ਼ਕੇ ਦਾ ਨਸੀਬ ਸੀ।
ਜੋ ਦੂਰ ਸਾਨੂੰ ਲੈ ਗਿਆ ਸਾਡਾ ਰਕੀਬ ਸੀ।

ਤੇਰੇ ਤੇ ਮੇਰੇ ਪਿਆਰ ਦੀ ਵਸਲ ਘੜੀ ਆਈ ਨਹੀਂ,
ਝੋਲੀ ਸੀ ਛੋਟੀ ਪਿਆਰ ਦੀ ਖੋਟਾ ਨਸੀਬ ਸੀ।

ਉਸ ਤੋਂ ਅਸਾਂ ਨੇ ਦਿਨ ਤੇ ਤਰੀਕਾਂ ਮਿਟਾਈਆਂ ਸੀ,
ਕਿਉਂਕਿ ਕਿਲੰਡਰ ਸੀ ਨਹੀਂ ਉਹ ਤਾਂ ਸਲੀਬ ਸੀ।

ਜਿਨ੍ਹਾਂ ਨੂੰ ਵੀ ਰਾਸ ਆ ਗਈ ਸ਼ੁੱਭ ਵਕਤ ਦੀ ਅਸੀਸ,
ਵਿੱਛੜ ਕੇ ਉਹ ਫਿਰ ਮਿਲ ਗਏ ਜੋ ਖ਼ੁਸ਼ਨਸੀਬ ਸੀ।

ਕਸਮਾਂ ਇਕੱਠੇ ਜੀਣ ਦੀਆਂ ਪੁੱਗ ਨਾ ਸੱਕੀਆਂ ਕਦੇ,
ਤਰਸੇ ਵਸਲ ਨੂੰ ਉਮਰ ਭਰਜੋ ਬਦਨਸੀਬ ਸੀ।

ਕਿੱਦਾਂ ਨਾ ਕਿਸ਼ਤੀ ਉਲਝਦੀ ਮੰਝਧਾਰ ਵਿਚ ਮੇਰੀ,
ਜਦ ਮੇਰੇ ਹੱਥ ਦਾ ਚੱਪੂ ਹੀ ਮੇਰਾ ਰਕੀਬ ਸੀ।

ਓਦਾਂ ਤਾਂ 'ਹਿਰਦੇ' ਕੋਲ ਸੀ ਵੱਡਾ ਖ਼ਜ਼ਾਨਾ ਪਰ,
ਅੱਖਾਂ 'ਚ ਹੰਝੂ ਇੱਕ ਨਾ ਸੀ ਏਨੀ ਗ਼ਰੀਬ ਸੀ।

*****

ਖ਼ੂਨ ਸ਼ਹੀਦਾਂ ਵਾਲੇ, ਦੀਵੇ ਚਾਨਣ ਕਰਦੇ ਨੇ।
ਦਿਲ ਦਾ ਨ੍ਹੇਰਾ ਦੂਰ ਕਰਨ, ਇਹ ਦੀਪ ਨਜ਼ਰ ਦੇ ਨੇ।

ਕਰਕੇ ਯਾਦ ਹਬੀਬਾਂ ਤਾਈਂ, ਹੰਝੂ ਪੀ ਲੈਂਦੇ,
ਦਰਦਮੰਦਾਂ ਦੇ ਦਰਦੀ, ਹੁਣ ਵੀ ਹੌਕੇ ਭਰਦੇ ਨੇ।

ਭੁੱਲ ਬੈਠੀ ਹੈ ਕਿੰਜ ਜਵਾਨੀ, ਵਤਨ ਪਰਸਤਾਂ ਨੂੰ,
ਭੀੜਾਂ ਪੈਣ ਤੇ ਦਿਲ ਦੇ ਬੂਹੇ, ਕਿਉਂ ਬੰਦ ਕਰਦੇ ਨੇ?

ਕੋਰਸ ਦੀਆਂ ਕਿਤਾਬਾਂ ਵਿਚ, ਨਹੀਂ ਨਾਮ ਸ਼ਹੀਦਾਂ ਦੇ,
ਜਿਨ੍ਹਾਂ ਕਾਲ਼ੇ ਪਾਣੀ ਪੀਤੇ, ਘੁੱਟ ਸਬਰ ਦੇ ਨੇ।

ਜਿਨ੍ਹਾਂ ਦੇਸ਼ ਅਜ਼ਾਦ ਕਰਾਇਆ, ਘੋਰ ਗ਼ੁਲਾਮੀ ਤੋਂ,
ਸਾਨੂੰ ਮਾਣ ਹੈ ਉਹ ਤਾਂ ਬੰਦੇ, ਸਾਡੇ ਘਰ ਦੇ ਨੇ।

ਚੌਰਾਹਿਆਂ ਵਿੱਚ ਖੜ੍ਹੇ ਹੋਏ, ਜੋ ਬੁੱਤ ਸ਼ਹੀਦਾਂ ਦੇ,
ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੀ, ਹਾਮੀ ਭਰਦੇ ਨੇ।

'ਹਿਰਦੇ' ਆਪ ਉਹ ਖ਼ਤਮ ਨੇ ਕਰਦੇ, ਅਪਣੀ ਆਤਮਾ ਨੂੰ,
ਜੋ ਕਹਿੰਦੇ ਨੇ ਰਿਸ਼ਵਤ ਬਿਨ ਤਾਂ, ਕੰਮ ਨਾ ਸਰਦੇ ਨੇ।

*****

ਨਾ ਆਈਆਂ ਬੀਜੀਆਂ ਖ਼ੁਸ਼ੀਆਂ, ਕਦੇ ਸਾਡੇ ਘਰਾਂ ਅੰਦਰ।
ਨਾ ਖੇਤੋਂ ਉੱਡੀਆਂ ਚਿੜੀਆਂ, ਉਡਾਰੀ ਲੈ ਪਰਾਂ ਅੰਦਰ।

ਕਦੇ ਉਹ ਆਣ ਕੇ ਵੇਖਣ, ਕੀ 'ਸੋਦਰ' ਦੇ ਦਰਾਂ ਅੰਦਰ?
ਵੜੇ ਬੈਠੇ ਨੇ ਅਗਿਆਨੀ ਜੋ ਜਾ ਕੇ ਮੰਦਰਾਂ ਅੰਦਰ।

ਜੋ ਦਿੱਤੇ ਥਾਨ ਸੀ ਉਸਨੇ ਉਹ ਰਹਿਮਤ ਸੀ ਉਸੇ ਘਰ ਦੀ,
ਨਦਾਨੀ ਨਾਲ ਖੋਹ ਬੈਠੇ, ਅਸੀਂ ਉਹ ਕਾਤਰਾਂ ਅੰਦਰ,

ਸੱਚਾਈ ਜਿੱਥੇ ਪਾਵੇ ਪੈਰ ਓਸੇ ਥਾਂ ਹੋਏ ਪੂਜਾ,
ਮਨੁੱਖਾਂ ਨੂੰ ਇਹੀ ਸਿੱਖਿਆ ਮਿਲੇ ਜੇ ਮੰਦਰਾਂ ਅੰਦਰ।

ਬਣਾਉਂਦਾ ਸੀ ਕਦੇ ਠੱਗਾਂ ਨੂੰ, ਸੱਜਣ ਬਚਨ ਬਾਬੇ ਦਾ,
ਰਿਹਾ ਨਾ ਕੁਛ ਕਿਓਂ ਐਸਾ, ਹੁਣ ਉਨ੍ਹਾਂ ਅੱਖਰਾਂ ਅੰਦਰ?

ਹਯਾ ਜੇ ਨਾ ਰਹੀ ਪੱਲੇ, ਜੋ ਗਹਿਣਾ ਹੈ ਤਰੀਮਤ ਦਾ,
ਰਹੂ ਨਾ ਦਿਲਬਰੀ ਵੀ ਫਿਰ, ਅਜੋਕੇ ਦਿਲਬਰਾਂ ਅੰਦਰ।

ਨਹੀਂ ਮਰਿਆਦਾ ਅੰਦਰ ਜੰਗਨਾ ਕੋਈ ਸੁਹਜ ਵੈਰ ਅੰਦਰ,
ਗੁਰੂ ਦਰਸ਼ਨ ਦਾ ਝਲਕਾਰਾ ਹੁੰਦਾ ਨਹੀਂ ਸ਼ਸਤਰਾਂ ਅੰਦਰ।

ਨਾਮੈਂ ਅਸਮਾਨ ਸੱਤਵੇਂ 'ਤੇ ਨਾ ਹੀ ਉੱਤਰ ਨਾ ਦੱਖਣ ਵਲ,
ਤੇ ਨਾ ਮੈਂ ਮਸਜ਼ਿਦਾਂ ਅੰਦਰ, ਤੇ ਨਾ ਹੀ ਮੰਦਰਾਂ ਅੰਦਰ।

ਅਗਨ 'ਹਿਰਦੇ' ਦੀ ਲੈ ਕੇ, ਭੀੜ ਕਿੱਧਰ ਨੂੰ ਤੁਰੀ ਜਾਵੇ,
ਨਿਰੀ ਅਗਨੀ ਭਰੀ ਹੈ, ਇਹਨਾਂ ਭਗਵੇ ਵਸਤਰਾਂ ਅੰਦਰ।

ਜ਼ਹਿਰੀਲੀ ਸਾਣ 'ਤੇ ਲੱਗੀ, ਹੋਈ ਹੈ ਸੋਚ ਹਾਕਮ ਦੀ,
ਰੁਕੀ ਹਰਗ਼ਿਜ਼ ਨਹੀਂ 'ਹਿਰਦੇ', ਕਦੇ ਵੀ ਨਸ਼ਤਰਾਂ ਅੰਦਰ।

*****

ਗ਼ਜ਼ਲ ਤਿੰਨ ਫਾਇਲਾਤੁਨ+ਫਾਇਲੁਨ
ਤੂੰ ਕਿਹਾ ਤੇਰੀ ਮੁਹੱਬਤ ਹੀ ਖ਼ੁਦਾ ਹੈ, ਪੀਰ ਹੈ।
ਵੇਖੀ ਪਰਦੇ ਹੇਠਾਂ ਤੇਰੀ ਬੇਵਫ਼ਾ ਤਸਵੀਰ ਹੈ।

ਐਸੀ ਇਕ ਤਸਵੀਰ ਵਾਹ ਤੂੰ ਜੇ ਮੁਸੱਵਿਰ ਪਿਆਰ ਦਾ,
ਝਲਕ ਰਾਂਝੇ ਦੀ 'ਚ ਲੱਗੇ ਜਿਸ ਤਰ੍ਹਾਂ ਉਹ ਹੀਰ ਹੈ।

ਵਿੱਛੜ ਜਾਏਂ ਉਸ ਤੋਂ ਜੇ ਤਾਂ ਵੀ ਉਹ ਕੱਲ੍ਹੀ ਜਾਪੇ ਨਾ,
ਜਿੰਦ ਇੱਕੋ ਧੜਕੇ ਭਾਂਵੇਂ ਵੱਖ-ਵੱਖ ਸਰੀਰ ਹੈ।

ਦਿਲ ਲਗੀ ਕਰਕੇ, ਜੇ ਮਨ ਪਰਚਾਵਾ ਹੀ ਕਰਨਾ ਸੀ ਤਾਂ,
ਫਿਰ ਚਲਾ ਜਾਂਦਾ ਉੱਥੇ ਜਿੱਥੇ ਗਨਕਾ ਦੀ ਕੁਟੀਰ ਹੈ।

ਤੇਰੀ ਤੇ ਉਦ੍ਹੀ ਪਰਵਰਿਸ਼ ਵਿਚ ਹਨ ਧੁਰੋਂ ਹੀ ਫ਼ਾਸਲੇ,
ਤੂੰ ਹੈਂ ਜੰਗਲੀ ਬਿੱਲਾ ਤੇ ਉਹ ਚੜ੍ਹਾਵੇ ਦੀ ਖੀਰ ਹੈ।

ਇਸ ਤਰ੍ਹਾਂ ਬਦਨਾਮ ਨਾ ਕਰ ਉਸਨੂੰ ਅਣਹੋਈਆਂ ਆਖ ਕੇ,
ਹਰ ਬੁਰਾਈ ਦੀ ਹੀ ਮੰਜ਼ਿਲ ਤੇਰੇ ਘਰ ਦੀ ਅਖੀਰ ਹੈ।

ਝੀਲ ਖ਼ਾਰੀ ਬਣਦੀ ਹੈ ਭਾਂਵੇਂ ਮਿੱਠਤ 'ਹਿਰਦੇ' ਦੀ,
ਉਂਜ ਉਹਦੇ ਨੈਣ ਝਰਨੇ ਦਾ ਤਾਂ ਨਿਰਮਲ ਨੀਰ ਹੈ।

*****

ਗ਼ਜ਼ਲ ਮੁਸਤਫਇਲੁਨ ਫਊਲੁਨ ਮੁਸਤਫਇਲੁਨ ਫਊਲੁਨ
ਰਿੱਧਾ ਤਾਂ ਸੀ ਦਲੀਆ ਐਪਰ ਉਹ ਖੀਰ ਹੋਈ।
ਅੱਲ੍ਹੜ ਫ਼ਕੀਰਾਂ ਉੱਤੇ ਬਹਿਤਰ ਨਜ਼ੀਰ ਹੋਈ।

ਦੈਵੀ ਕਲਾ ਹੈ ਜਾ ਨੂੰ ਤੇਰੇ ਹੀ ਹੱਥਾਂ ਦੇ ਵਿਚ,
ਛੋਹ ਤੇਰੀ ਨਾਲ ਮਿੱਟੀ ਸਾਡੀ ਅਮੀਰ ਹੋਈ।

ਅੱਖਰਾਂ ਤੋਂ ਛੰਦ ਬਣ ਕੇ, ਗ਼ਜ਼ਲ ਬਣੇ ਮਾਣ-ਮੱਤੀ,
ਤੇਰੇ ਸੁਰੀਲੇ ਹੋਠੀਂ ਲੱਗ ਕੇ ਅਹੀਰ ਹੋਈ।

ਜਨਮਾਂ ਦੀ ਪਿਆਸ ਤਿੱਖੀ ਇਕ ਪਲ 'ਚ ਮਿੱਟ ਗਈ ਹੈ,
ਅੱਜ ਰੱਜ ਕੇ ਇਨਾ ਵਰ੍ਹਿਆ ਕਿ ਹੱਦ ਅਖੀਰ ਹੋਈ।

ਨਾ ਪਿੰਜਰੇ ਹੀ ਪਾਇਆ ਨਾ ਕੱਟੇ ਖੰਭ ਮੇਰੇ,
ਤੰਦ ਪਿਆਰ ਦੀ ਮੇਰੇ ਦਿਲ ਵਾਸਤੇ ਜ਼ੰਜੀਰ ਹੋਈ।

ਹਰਫ਼ਾਂ ਨੇ ਅੱਖ ਖੋਲ੍ਹੀ ਦਰਦੀਲੀ ਰੁੱਤ ਆਈ 'ਤੇ,
ਤਾਂ ਹੀ ਅੱਖ ਕਲ਼ਮ ਦੀ ਨਸ਼ਤਰ ਜ਼ਹਿਰੀ ਤੀਰ ਹੋਈ।

ਘੁਲ਼ਦੇ ਰਹੇ ਨੇ ਮਨ ਵਿਚ ਮੇਰੇ ਉਸ ਲਈ ਗ਼ਿਲੇ, ਰੋਸੇ,
ਜਦ ਆਇਆ ਉਹ ਸਾਹਮਣੇ ਪਲ 'ਚ ਅਧੀਰ ਹੋਈ।

ਜੋਗੀ ਅਲਖ਼ ਜਗਾਈ ਮੇਰੇ ਦਰ 'ਤੇ ਪਿਆਰ ਭਿੱਜੀ,
ਦੀਦਾਰ ਪਾ ਕੇ ਜੋਗੀ ਦਾਰੂਹ ਫ਼ਕੀਰ ਹੋਈ।

ਰਾਂਝੇ ਅਲਾਪ ਛੇੜਿਆ ਇਸ ਰੂਹ 'ਚੋਂ ਤਾਲ ਵੱਜੇ,
ਵੰਝਲੀ ਦੀ ਤਾਨ ਸੁਣ ਕੇ 'ਹਿਰਦੇ' ਵੀ ਹੀਰ ਹੋਈ।

*****

ਮੇਰੇ ਨਮ ਨੈਣ ਵੀ ਅਕਸਰ, ਸਿਤਾਰੇ ਵੇਖਦੇ ਰਹਿੰਦੇ।
ਮੇਰੇ ਅਰਮਾਨ ਵੀ ਪੈਰੀਂ, ਸ਼ਰਾਰੇ ਵੇਖਦੇ ਰਹਿੰਦੇ।

ਮੈਂ ਅਪਣੀ ਹਸਤੀ ਸੰਗ ਗੁੰਮ ਜਾਂਦੀ, ਹਾਂ ਓਦੋਂ ਹੀ ਸੱਜਣਾ,
ਤੇਰੇ ਨੈਣਾਂ ਨੂੰ ਜਦ ਨੈਣਾਂ, ਦੇ ਧਾਰੇ ਵੇਖਦੇ ਰਹਿੰਦੇ।

ਜੇ ਜ਼ੁਲਫ਼ਾਂ ਤੇਰੀਆਂ ਦੇਵਣ, ਭੁਲੇਖਾ ਰਾਤ ਦਾ ਹੀ ਤਾਂ,
ਮੇਰੇ ਸੁਪਨੇ ਵੀ ਤਾਂ ਹੀ, ਦਿਨ ਨੂੰ ਤਾਰੇ ਵੇਖਦੇ ਰਹਿੰਦੇ ।

ਹਨ੍ਹੇਰਾ ਢੋਂਅਦੇ ਨੇ ਜਿਹੜੇ, ਉਨ੍ਹਾਂ ਢੋਣੈ ਹਨ੍ਹੇਰਾ ਹੀ,
ਸੁਖ਼ਨਵਰ ਤਾਂ ਹਮੇਸ਼ਾਂ ਤੋਂ, ਉਜਾਰੇ ਵੇਖਦੇ ਰਹਿੰਦੇ।

ਜੋ ਭੀੜਾਂ ਪਿੱਛੇ ਤੁਰਦੇ ਨੇ, ਅਜੇਹੇ ਲੋਕ ਅਕਸਰ ਹੀ,
ਨਹੀਂ ਸੱਚ ਵੇਖਦੇ ਉਹ ਤਾਂ, ਇਸ਼ਾਰੇ ਵੇਖਦੇ ਰਹਿੰਦੇ।

ਖੜ੍ਹੀ ਹਾਂਮੈਂ ਵੀ ਸਦੀਆਂ ਤੋਂ, ਦੁਆਰੇ ਓਸਦੇ ਅੱਗੇ,
ਉਦੋਂ ਤੋਂ ਉਹਨੂੰ ਇਹ ਸੁਪਨੇ ਕੁਆਰੇ ਵੇਖਦੇ ਰਹਿੰਦੇ ।

ਅਸੀਂ ਵੀ ਉੱਡ ਜਾਣਾ ਹੈ, ਕਿਸੇ ਦਿਨ ਦੇਸ਼ ਦੂਜੇ ਨੂੰ,
ਇਦ੍ਹੇ ਵਾਸੀ ਹਵਾ ਵਿਚ ਵੀ, ਅੰਗਾਰੇ ਵੇਖਦੇ ਰਹਿੰਦੇ ।

ਤੁਸੀਂ ਵੀ ਤੁਰ ਗਏ ਕਿਤ ਵੱਲ ਹੋ ਸਾਈਆਂ ਪਿਆਰੇ ਜੀ,
ਇਲਾਹੀ ਦੀਦ ਨੂੰ 'ਹਿਰਦੇ' ਵਿਚਾਰੇ ਵੇਖਦੇ ਰਹਿੰਦੇ ।

*****

ਆਸ਼ਕਾਂ ਦੇ ਸੰਗ ਮਸ਼ੂਕਾਂ ਦਾ ਪਿਆਰ ਵੀ ਤਾਂ ਕਾਇਮ ਹੈ।
ਇਸ਼ਕ ਦੇ ਸਦਕੇ ਹੀ ਇਹ ਸੰਸਾਰ ਵੀ ਤਾਂ ਕਾਇਮ ਹੈ।

ਲੋਚ ਸਾਡੀ ਉੱਡ ਜਾਣ ਦੀ ਪੈਰਾਂ ਹੇਠ ਦੀ ਲੈ ਜ਼ਮੀਨ,
ਫਿਰ ਵੀ ਸੋਚਾਂ ਵਿੱਚ ਰੱਖਿਆ ਕੁਛ ਅਧਾਰ ਵੀ ਤਾਂ ਕਾਇਮ ਹੈ।

ਹਰ ਵੇਰਾਂ ਪਰਨਾ ਦਿੱਤੀ ਹੈ ਹੀਰ ਖੇੜਿਆਂ ਨਾਲ ਮਗਰ,
ਪਰ ਦੋਹਾਂ ਦੀਆਂ ਰੂਹਾਂ ਵਿਚ ਫਿਰ ਪਿਆਰ ਵੀ ਤਾਂ ਕਾਇਮ ਹੈ।

ਛਲ਼ ਅਜੇ ਵੀ ਭੰਵਰੇ ਜਾਂਦੇ ਲੋਭੀ ਸੁੱਚੇ ਇਸ਼ਕ ਨੂੰ,
ਅੰਬਰਾਂ ਦੇ ਵਿੱਚ ਲੈ ਉੱਡਣ ਦਾ ਅਸਾਰ ਵੀ ਤਾਂ ਕਾਇਮ ਹੈ।

ਖ਼ੂਨ ਮੇਰੇ ਨਾਲ ਹੀ ਉਹ ਭਰ ਦਿੰਦਾ ਹੈ ਮਾਂਗ ਮੇਰੀ,
ਰੰਗਲੀ ਰੂਹ ਮੇਰੀ ਦਾ ਸ਼ਿੰਗਾਰ ਵੀ ਤਾਂ ਕਾਇਮ ਹੈ।

ਰੀਝ ਮਨ ਦੀ ਹਰ ਜਿਊਂਦੀ ਓਸਦੀ ਇਕ ਛੋਹ ਨਾਲ,
ਏਸ ਕਾਰਨ ਪ੍ਰੇਮ ਦੀ ਗੁੰਜਾਰ ਵੀ ਤਾਂ ਕਾਇਮ ਹੈ।

ਇਸ਼ਕ ਦੀ ਹੀ ਦੇਣ ਮੇਰੇ ਗੀਤ ਵੀ ਸੁਰ ਵਿੱਚ ਹਨ,
ਇਸ਼ਕ ਤੇਰੇ ਹੁਨਰ ਮੇਰੇ ਲਿਵਤਾਰ ਵੀ ਤਾਂ ਕਾਇਮ ਹੈ।

ਲੇਖ ਮੇਰੇ ਵਿੱਚ ਬਿਰਹਾ ਲਿਖਿਆ ਸੰਗ 'ਹਿਰਦੇ' ਰਹਿ ਕੇ,
ਮੋਹ ਵਿਹੁੰਨੇ ਸੋਲ੍ਹਿਆਂ ਦਾ ਫ਼ਨਕਾਰ ਵੀ ਤਾਂ ਕਾਇਮ ਹੈ।

*****